# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
## ਪੰਜਾਬੀ ਯੂਨੀਵਰਸਿਟੀ, ਪਟਿਆਲਾ


ਕਲਾਸ : ਬੀ.ਐਡ ਭਾਗ ਪਹਿਲਾ ਸਮੈਸਟਰ ਪਹਿਲਾ

ਪੇਪਰ : ਚੌਥਾ ਅਤੇ ਪੰਜਵਾਂ (ਟੀਚਿੰਗ ਆਫ ਸੋਸ਼ਲ ਸਟੱਡੀਜ਼) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਸਮਾਜਿਕ ਸਿੱਖਿਆ ਦਾ ਕਮਰਾ : ਲੋੜ ਅਤੇ ਮਹੱਤਤਾ

2.2 : ਪਾਠ-ਪੁਸਤਕ : ਅਰਥ, ਕਿਸਬਮ, ਮਹੱਤਤਾ, ਵਿਸ਼ੇਸ਼ਤਾਵਾਂ

2.3 : ਸਮਾਜਿਕ ਅਧਿਐਨ ਅਧਿਆਪਨ : ਗੁਣ ਅਤੇ ਰੋਲ

2.4 : ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ



***Department website : www.pbidde.org***

ਬੀ.ਐਡ. ਭਾਗ ਪਹਿਲਾ    ਪਰਚਾ : **ਚੌਥਾ ਅਤੇ ਪੰਜਵਾਂ** (ਆਪਸ਼ਨ ***-XII***)

ਆਪਸ਼ਨ : ਟੀਚਿੰਗ ਆਫ਼ ਸੋਸ਼ਲ ਸਟੱਡੀਜ਼

ਸਮਾਜਿਕ ਸਿੱਖਿਆ ਦਾ ਕਮਰਾ : ਲੋੜ ਅਤੇ ਮਹੱਤਤਾ

---

ਪਾਠ ਨੰ. 2.1    ਲੇਖਕ : ਡਾ.ਮਨਜੀਤ ਕੌਰ,

ਅਨੁਵਾਦਕ : ਐਚ.ਐਸ.ਡਿੰਪਲ

---

**2.1.1 ਉਦੇਸ਼**

**2.1.2 ਭੂਮਿਕਾ**

**2.1.3 ਲੋੜ ਅਤੇ ਮਹੱਤਤਾ**

2.1.3.1 ਪ੍ਰਭਾਵਸ਼ਾਲੀ ਢੰਗ ਨਾਲ ਅਧਿਆਪਨ

2.1.3.2 ਸਮੇ, ਊਰਜਾ ਅਤੇ ਪੈਸੇ ਦੀ ਬੱਚਤ

2.1.3.3 ਵੱਖ ਵੱਖ ਅਧਿਆਪਨ ਵਿਧੀਆਂ ਦੀ ਵਰਤੋਂ

2.1.3.4 ਅਧਿਆਪਕ ਲਈ ਲਾਹੇਵੰਦ

2.1.3.5 ਪ੍ਰਭਾਵਸ਼ਾਲੀ ਮਾਹੌਲ ਦੀ ਸਥਾਪਨਾ ਅਤੇ ਇਸਨੂੰ ਬਣਾਏ ਰੱਖਣਾ

2.1.3.6 ਅਧਿਆਪਨ ਸਹਾਇਕ ਸਾਮਗਰੀ ਦੀ ਸਹੀਂ ਵਰਤੋਂ

2.1.3.7 ਸਿਰਜਨਾਤਮਕ ਪ੍ਰਗਟਾਉ

2.1.3.8 ਮਹਿੰਗੇ ਸਮਾਨ ਦੀ ਸੰਭਾਲ

**2.1.4 ਸਮਾਜਿਕ ਸਿੱਖਿਆ ਕਮਰੇ ਲਈ ਸਾਜੋ ਸਮਾਨ**

2.1.4.1 ਅਧਿਆਪਨ ਸਹਾਇਕ ਸਮੱਗਰੀ

2.1.4.2 ਸਰਵੇਖਣ ਦੇ ਔਜ਼ਾਰ

2.1.4.3 ਬੋਰਡ

2.1.4.4 ਛੋਟਾ ਪੁਸਤਕਾਲਾ

2.1.4.5 ਛੋਟਾ ਅਜਾਇਬ ਘਰ

2.1.4.6 ਵਿਸ਼ੇਸ਼ ਫਰਨੀਚਰ

2.1.4.7 ਬਿਜਲੀ ਦੀ ਸਹੀ ਫਿਟਿੰਗ

2.1.4.8 ਕਮਰੇ ਦੀਆਂ ਵਿਸ਼ੇਸ਼ਤਾਵਾਂ

2.1.4.9 ਹੋਰ ਸਮੱਗਰੀ

**2.1.5 ਸਮਾਜਿਕ ਸਿੱਖਿਆ ਕਮਰੇ ਦਾ ਪ੍ਰਬੰਧ**

**2.1.6 ਸਾਰ**

**2.1.7 ਮੁੱਖ ਨੁਕਤੇ**

**2.1.8 ਸਵੈ-ਮੁਲਾਂਕਣ ਅਭਿਆਸ**

**2.1.9 ਸੁਝਾਏ ਪ੍ਰਸ਼ਨ**

**2.1.10 ਸੁਝਾਈਆਂ ਪੁਸਤਕਾਂ**

**2.1.1 ਪਾਠ ਦੇ ਉਦੇਸ਼** : ਸਮਾਜਿਕ ਅਧਿਐਨ ਵਿਸ਼ੇ ਦੀ ਆਧੁਨਿਕ ਸਮੇਂ ਵਿੱਚ ਵਿਸ਼ੇਸ਼ ਮਹੱਤਤਾ ਹੈ। ਹੋਰ ਵਿਸ਼ਿਆਂ ਵਾਂਗ ਇਸਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਉਣ ਲਈ ਉਚਿਤ ਤਕਨੀਕਾਂ ਦੀ ਲੋੜ ਪੈਂਦੀ ਹੈ। ਇਸਦੇ ਕਮਰੇ ਦੀ ਵੀ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਕਿ ਇਸ ਨਾਲ ਪੜ੍ਹਨ-ਪੜ੍ਹਾਉਣ ਦਾ ਮਾਹੌਲ ਪੈਦਾ ਹੋਵੇ।

**2.1.1 ਭੂਮਿਕਾ** : **ਪਿਆਰੇ ਵਿਦਿਆਰਥੀਓ : ਇਸ ਪਾਠ ਵਿਚ ਅਸੀਂ ਸਮੇਂ, ਉਰਜਾਂ, ਪੈਸੇ ਸਮਾਜਿਕ ਸਿੱਖਿਆ ਕਮਰੇ ਦੇ ਸਾਜੋ ਸਮਾਨ**

ਬਾਰੇ ਪੜ੍ਹਾਂਗੇ ਤੇ ਇਹ ਵੀ ਸਮਝਾਂਗੇ ਕਿ ਇਹਨਾਂ ਦਾ ਅਰਥ ਹੈ ਅਤੇ ਕੀ ਮਹੱਤਤਾ ਹੈ ?

2.1.3 **ਲੋੜ ਅਤੇ ਮਹੱਤਤਾ** :- ਜਿਸ ਤਰ੍ਹਾਂ ਭੌਤਿਕ ਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਜਾਂ ਪੌਦਾ ਵਿਗਿਆਨ ਜਿਹੇ ਵਿਸ਼ਿਆਂ ਨੂੰ ਪੜ੍ਹਾਉਣ ਲਈ ਪ੍ਰਯੋਗਸ਼ਾਲਾ ਦੀ ਲੋੜ ਹੁੰਦੀ ਹੈ, ਸਮਾਜਿਕ ਸਿੱਖਿਆ ਦੇ ਵਿਸ਼ੇ ਲਈ ਵੀ ਇਕ ਸਮਾਜਿਕ ਸਿੱਖਿਆ ਕਮਰੇ ਦੀ ਲੋੜ ਹੁੰਦੀ ਹੈ। ਇਸ ਵਿਚ ਵਿਦਿਆਰਥੀ ਵੱਖ ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਾਂ ਸਰਗਰਮੀਆਂ ਵਿਚ ਭਾਗ ਲੈਂਦੇ ਹਨ, ਜਿਨ੍ਹਾਂ ਵਿਚ ਖੋਜ, ਨਿਰਮਾਣ ਕਾਰਜ, ਸੰਗੀਤ, ਨਾਟਕੀ ਅਤੇ ਸਿਰਜਨਾਤਮਕ ਕਲਾ ਆਦਿ ਸ਼ਾਮਲ ਹਨ, ਜੋ ਕਿ ਇਕ ਮੁਕਤ, ਸੁਤੰਤਰ ਅਤੇ ਸਹੀ ਮਾਹੌਲ ਵਿਚ ਹੀ ਸੰਭਵ ਹਨ। ਸਮਾਜਿਕ ਸਿੱਖਿਆ ਦੇ ਅਧਿਆਪਨ ਦੇ ਲਈ ਇਕ ਵੱਖਰਾ ਅਤੇ ਵਿਸ਼ੇਸ਼ ਕਮਰਾ ਦੀ ਲੋੜ ਹੈ ਕਿਓਂਕਿ ਇਸ ਦੇ ਨਿਮਨਲਿਖਤ ਕਾਰਣ ਹਨ :-

2.1.3.1 **ਪ੍ਰਭਾਵਸ਼ਾਲੀ ਢੰਗ ਨਾਲ ਅਧਿਆਪਨ** ;- ਪ੍ਰਭਾਵਸ਼ਾਲੀ ਅਧਿਆਪਨ ਦੇ ਲਈ ਸਮਾਜਿਕ ਸਿੱਖਿਆ ਦੇ ਕਮਰੇ ਦੀ ਅਹਿਮ ਲੋੜ ਹੁੰਦੀ ਹੈ। ਇਕ ਸਹੀ ਢੰਗ ਦੇ ਨਾਲ ਬਣਾਏ ਗਏ ਕਮਰੇ ਦੇ ਵਿਚ ਵਿਸ਼ੇਸ਼ ਫਰਨੀਚਰ ਅਤੇ ਸਹਾਇਕ ਸਾਮਗਰੀ ਹੁੰਦੀ ਹੈ ਜਿਸ ਦੇ ਨਾਲ ਪ੍ਰਭਾਵਸ਼ਾਲੀ ਅਧਿਆਪਨ ਅਤੇ ਸਿੱਖਣ ਦਾ ਮਾਹੌਲ ਸਿਰਜਿਆ ਅਤੇ ਬਰਕਰਾਰ ਰੱਖਿਆ ਜਾ ਸਕਦਾ ਹੈ।

2.1.3.2 **ਸਮੇਂ, ਊਰਜਾ ਅਤੇ ਪੈਸੇ ਦੀ ਬੱਚਤ ਦੇ ਲਈ** :- ਇਕ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਦ੍ਰਿਸ਼ ਸ੍ਰਵ ਸਹਾਇਕ ਸਾਧਨਾਂ ਨੂੰ ਸਹੀ ਸਥਾਨ ਤੇ ਰੱਖਿਆ ਜਾਵੇ। ਇਸ ਦੇ ਨਾਲ ਅਧਿਆਪਕ ਅਤੇ ਵਿਦਿਆਰਥੀਆਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਕਿਓਂਕਿ ਔਜ਼ਾਰ ਅਤੇ ਸਾਜੋ ਸਮਾਨ ਬਹੁਤ ਹੀ ਮਹਿੰਗਾ ਹੁੰਦਾ ਹੈ, ਇਕ ਸਮਾਜਿਕ ਸਿੱਖਿਆ ਦੇ ਕਮਰੇ ਦੇ ਹੋਣ ਤੇ ਇਸ ਸਮਾਨ ਨੂੰ ਸਹੀ ਢੰਗ ਦੇ ਨਾਲ ਸੰਭਾਲਿਆ ਜਾ ਸਕਦਾ ਹੈ ਜਿਸ ਨਾਲ ਧਨ ਦੀ ਵੀ ਬੱਚਤ ਹੁੰਦੀ ਹੈ।

2.1.3.3 **ਵੱਖ-ਵੱਖ ਅਧਿਆਪਨ ਵਿਧੀਆਂ ਦੀ ਵਰਤੋ** :- ਸਮਾਜਿਕ ਸਿੱਖਿਆ ਦੇ ਕਮਰੇ ਦੇ ਨਾਲ ਅਧਿਆਪਨ ਦੀਆਂ ਨਵੀਆਂ ਵਿਧੀਆਂ ਵਰਤਣ ਵਿਚ ਵੀ ਸਹਾਇਤਾ ਮਿਲਦੀ ਹੈ। ਸਮੱਸਿਆ ਵਿਧੀ, ਪ੍ਰੋਜੈਕਟ ਵਿਧੀ, ਬਹਿਸ ਵਿਧੀ, ਸਰੋਤ ਵਿਧੀ ਜਾਂ ਹੋਰ ਵਿਸ਼ੇਸ਼ ਤਕਨੀਕਾਂ ਦੀ ਵਰਤੋਂ ਕਰਨ ਦੇ ਲਈ ਸਮਾਜਿਕ ਸਿੱਖਿਆ ਕਮਰੇ ਦੀ ਅਹਿਮ ਲੋੜ ਹੁੰਦੀ ਹੈ।

2.1.3.4 **ਅਧਿਆਪਕ ਲਈ ਲਾਹੇਵੰਦ** :- ਇਕ ਅਧਿਆਪਕ ਦੇ ਲਈ ਸਮਾਜਿਕ ਸਿੱਖਿਆ ਦੇ ਕਮਰੇ ਦੀ ਬਹੁਤ ਅਹਿਮੀਅਤ ਹੈ। ਉਹ ਆਪਣੇ ਪਾਠ ਨੂੰ ਪ੍ਰਭਾਵਸ਼ਾਲੀ ਢੰਗ ਦੇ ਨਾਲ ਯੋਜਨਾਬੱਧ ਕਰ ਸਕਦਾ ਹੈ, ਅਧਿਆਪਨ ਦੀ ਸਹੀ ਵਿਧੀ ਦੀ ਚੋਣ ਕਰ ਸਕਦਾ ਹੈ ਅਤੇ ਹਵਾਲਾ ਪੁਸਤਕਾਂ ਦਾ ਫਾਇਦਾ ਉਠਾ ਸਕਦਾ ਹੈ। ਉਹ ਅਜੋਕੇ ਸਾਜੋ ਸਮਾਨ, ਕੰਪਿਊਟਰ, ਪ੍ਰੋਜੈਕਟਰ, ਟੀ.ਵੀ. ਰੇਡੀਓ ਆਦਿ ਦੀ ਵਰਤੋਂ ਕਰ ਕੇ ਆਪਣੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਬਣਾ ਸਕਦਾ ਹੈ।

2.1.3.5 **ਪ੍ਰਭਾਵਸ਼ਾਲੀ ਮਾਹੌਲ ਦੀ ਸਥਾਪਨਾ ਅਤੇ ਇਸਨੂੰ ਬਣਾਏ ਰੱਖਣਾ** ;- ਸਿੱਖਣ ਸਿਖ਼ਸ਼ਣ ਪ੍ਰਕ੍ਰਿਆ ਦੇ ਲਈ ਪ੍ਰਭਾਵਸ਼ਾਲੀ ਮਾਹੌਲ ਦੀ ਲੋੜ ਹੁੰਦੀ ਹੈ। ਸਮਾਜਿਕ ਸਿੱਖਿਆ ਦਾ ਕਮਰਾ ਪ੍ਰਭਾਵਸ਼ਾਲੀ ਸਿੱਖਣ ਸਿਖ਼ਸ਼ਣ ਪ੍ਰਕਿਆ ਦੇ ਲਈ ਸਮੱਗਰੀ ਪ੍ਰਦਾਨ ਕਰਦਾ ਹੈ। ਉਪਯੁਕਤ ਬੈਠਣ ਤਰਤੀਬ, ਸਹਾਇਕ ਸਮੱਗਰੀ ਦੀ ਸਹੀ ਤਰਤੀਬ, ਕਮਰੇ ਦਾ ਉਪਯੁਕਤ ਆਕਾਰ, ਰੌਸ਼ਨੀ ਅਤੇ ਨਕਸ਼ਿਆਂ, ਚਾਰਟਾਂ ਆਦਿ ਦੀ ਸਹੀ ਢੰਗ ਦੇ ਨਾਲ ਪ੍ਰਦਰਸ਼ਨ ਕਰਦੇ ਦੇ ਨਾਲ ਵਧੀਆ, ਉਪਯੁਕਤ ਅਤੇ ਪ੍ਰਭਾਵਸ਼ਾਲੀ ਮਾਹੌਲ ਸਿਰਜਿਆ ਜਾ ਸਕਦਾ ਹੈ ਜਿਸ ਦੇ ਨਾਲ ਸਿੱਖਣ ਪ੍ਰਕ੍ਰਿਆ ਨੂੰ ਉਤੇਜਨਾ ਅਤੇ ਉਤਸ਼ਾਹ ਮਿਲਦਾ ਹੈ।

2.1.3.6 **ਅਧਿਆਪਨ ਸਹਾਇਕ ਸਮੱਗਰੀ ਦੀ ਸਹੀ ਵਰਤੋਂ** :- ਸਮਾਜਿਕ ਸਿੱਖਿਆ ਅਧਿਆਪਕ ਦੀ ਯੋਜਨਾ ਦੇ ਅਨੁਸਾਰ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਸਹਾਇਕ ਸਮਗਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਈ ਚੀਜ਼ਾਂ ਅਤੇ ਸਾਜੋ ਸਮਾਨ ਦੇ ਲਈ ਵਿਸ਼ੇਸ਼ ਕਮਰੇ ਦੀ ਲੋੜ ਵੀ ਪੈ ਸਕਦੀ ਹੈ, ਜਿਵੇਂ ਕੰਪਿਊਟਰ, ਟੈਲੀਵਿਜ਼ਨ ਜਾਂ ਵੀ.ਸੀ.ਆਰ ਆਦਿ। ਐਮ ਪੀ ਮੁਫਾਤ ਨੇ ਇਸ ਸੰਬੰਧ

ਦੇ ਵਿਚ ਆਪਣੀ ਪ੍ਰਤੀਕ੍ਰਿਆ ਇਸ ਤਰ੍ਹਾਂ ਪ੍ਰਗਟਾਈ ਹੈ, "ਪ੍ਰਯੋਗਸ਼ਾਲਾ ਦੀ ਸੰਭਾਲ ਅਤੇ ਇਸ ਵਿਚਲੇ ਸਾਜੋ ਸਮਾਨ ਦੀ ਤਰਤੀਬ ਦਾ ਸਮਾਜਿਕ ਸਿੱਖਿਆ ਅਧਿਆਪਨ ਦੇ ਨਤੀਜਿਆਂ ਦੀ ਗੁਣਵੱਤਾ ਤੇ ਸਿੱਧਾ ਤੇ ਬਹੁਤ ਪ੍ਰਭਾਵ ਪੈਂਦਾ ਹੈ। ਕਿਸੇ ਵੀ ਸਮਾਜਿਕ ਸਿੱਖਿਆ ਦੇ ਕਮਰੇ ਜਾਂ ਪ੍ਰਯੋਗਸ਼ਾਲਾ ਦੇ ਵਿਚੋਂ ਸੰਤੁਸ਼ਟਜਨਕ ਨਤੀਜੇ ਤਾਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ, ਜੇਕਰ ਇਸ ਵਿਚਲਾ ਮਾਹੌਲ ਸਮਾਜਿਕ ਸਿੱਖਿਆ ਹੁਨਰ ਪ੍ਰਾਪਤ ਕਰਨ ਅਤੇ ਇਸ ਦਾ ਅਨੁਭਵ ਕਰਨ ਦੇ ਅਨੁਕੂਲ ਅਤੇ ਕਿਰਿਆਤਮਕ ਹੋਵੇ।"

2.1.3.7 **ਸਿਰਜਨਾਤਮਕ ਪ੍ਰਗਟਾਓ** :– ਸਮਾਜਿਕ ਸਿੱਖਿਆ ਦੇ ਕਮਰੇ ਵਿਚ ਵਿਦਿਆਰਥੀਆਂ ਨੂੰ ਨਕਸ਼ੇ , ਚਾਰਟ, ਮਾਡਲ, ਗਰਾਫ਼ ਆਦਿ ਬਣਾਉਣ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਉਨ੍ਹਾਂ ਅੰਦਰ ਇਕ ਸਿਰਜਨਾਤਮਕ ਦ੍ਰਿਸ਼ਟੀਕੋਣ ਉਤਪੰਨ ਹੋ ਕੇ ਵਿਕਸਤ ਹੋਵੇਗਾ।

2.1.3.8 **ਮਹਿੰਗੇ ਸਾਜੋ ਸਮਾਨ ਦੀ ਸੰਭਾਲ** :– ਸਮਾਜਿਕ ਸਿੱਖਿਆ ਦਾ ਕਮਰਾ ਟੀ.ਵੀ. ਰੇਡੀਓ, ਓ ਐਚ ਪੀ, ਪ੍ਰੋਜੈਕਟਰ ਜਿਹੇ ਮਹਿੰਗੇ ਸਮਾਨ ਜਾਂ ਅਧਿਆਪਨ ਦੀਆਂ ਸਹਾਇਕ ਸਮਗਰੀ ਦੀ ਸੰਭਾਲ ਅਤੇ ਸੁਰੱਖਿਆ ਦੇ ਲਈ ਸਹਾਇਕ ਸਿੱਧ ਹੋ ਸਕਦਾ ਹੈ। ਇਸਦੇ ਨਾਲ ਸਮਾਨ ਦੇ ਟੁੱਟਣ ਦਾ ਖਤਰਾ ਨਹੀਂ ਰਹਿੰਦਾ।

2.1.4 **ਸਮਾਜਿਕ ਸਿੱਖਿਆ ਕਮਰੇ ਲਈ ਸਾਜੋ ਸਮਾਨ** : ਸਮਾਜਿਕ ਅਧਿਐਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੜਾਉਣ ਦੇ ਲਈ ਵੱਖ ਵੱਖ ਤਰ੍ਹਾਂ ਦੀ ਸਹਾਇਕ ਸਮਗਰੀ, ਸਮਾਨ ਅਤੇ ਔਜ਼ਾਰ ਵਰਤੇ ਜਾਂਦੇ ਹਨ। ਸਮਾਜਿਕ ਅਧਿਐਨ ਸ਼੍ਰੇਣੀ ਕਮਰੇ ਦੇ ਵਿਚ ਨਿਮਨਲਿਖਤ ਸਮਾਨ ਹੋਣਾ ਜ਼ਰੂਰੀ ਹੈ ;–

2.1.4 **ਅਧਿਆਪਨ ਸਹਾਇਕ ਸਮੱਗਰੀ** :– ਸਮਾਜਿਕ ਅਧਿਐਨ ਕਮਰੇ ਦੇ ਵਿਚ ਵੱਖ ਵੱਖ ਤਰ੍ਹਾਂ ਦੀ ਸੰਪੂਰਨ ਦ੍ਰਿਸ਼ ਸ੍ਰਵ ਸਹਾਇਕ ਸਮੱਗਰੀ ਹੋਣੀ ਚਾਹੀਦੀ ਹੈ। ਇਹ ਸਮੱਗਰੀ ਸਮਾਜਿਕ ਅਧਿਐਨ ਅਧਿਆਪਨ ਦੇ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ। ਪ੍ਰਮੁੱਖ ਅਧਿਆਪਨ ਸਹਾਇਕ ਸਾਧਨ ਨਿਮਨਲਿਖਤ ਹਨ:–

2.1.4.1 ਚਾਰਟ, ਗਰਾਫ਼, ਨਕਸ਼ੇ, ਐਟਲਸ, ਗਲੋਬ, ਅਤੇ ਮਾਡਲ ਆਦਿ।

2.1.4.2 ਹਵਾਲਾ ਕਿਤਾਬਾਂ

2.1.4.3 ਬੁਲੇਟਿਨ ਬੋਰਡ, ਪ੍ਰਦਰਸ਼ਨ ਬੋਰਡ

2.1.4.4 ਵਿਸ਼ਵ ਦੇ ਵੱਖ ਵੱਖ ਦੇਸ਼ਾਂ ਦੇ ਕੌਮੀ ਝੰਡੇ

2.1.4.5 ਸਮਾਂ ਰੇਖਾ

2.1.4.6 ਵੱਖ ਵੱਖ ਦੇਸ਼ਾਂ ਦੇ ਝੰਡੇ ਅਤੇ ਡਾਕ ਟਿਕਟਾਂ

2.1.4.7 ਨਮੂਨੇ

2.1.4.8 ਸਲਾਈਡਾਂ ਅਤੇ ਟਰਾਂਸਪੇਰੈਂਸੀਆਂ

2.1.4.9 ਫਲੈਸ਼ ਕਾਰਡ

2.1.4.10 ਫਿਲਮਾਂ ਅਤੇ ਫਿਲਮ ਪੱਟੀਆਂ

2.1.4.11 ਭੂਗੋਲਿਕ ਔਜ਼ਾਰ :– ਵਰਖਾ ਮਾਪਕ ਯੰਤਰ, ਥਰਮੋਮੀਟਰ, ਹਵਾ ਦਬਾਓ ਮਾਪਕ ਯੰਤਰ, ਮੌਸਮ ਮਾਪਕ ਯੰਤਰ, ਜਲ ਘੜੀ ਆਦਿ।

2.1.4.12 ਵਿਦਿਅਕ ਵੀ.ਸੀ.ਡੀਆਂ, ਵੀਡੀਓ ਕੈਸੇਟਾਂ, ਆਡੀਓ ਕੈਸੇਟਾਂ।

2.1.4.13 ਪ੍ਰੋਜੈਕਟਰ, ਐਪੀਡਾਈਆਸਕੋਪ, ਟੀ.ਵੀ. ਵੀਸੀਆਰ, ਰੇਡੀਓ, ਟੇਪ ਰਿਕਾਰਡਰ, ਜਾਦੂਮਈ ਲਾਲਟੈਨ ਆਦਿ।

2.1.4.14 ਕੰਪਿਊਟਰ ਅਤੇ ਮਲਟੀਮੀਡੀਆ

2.1.4.2 **ਸਰਵੇਖਣ ਦੇ ਔਜ਼ਾਰ** :– ਇਸ ਦੇ ਲਈ ਕੰਪਾਸ, ਲੜੀ, ਤੀਰ, ਵੰਡਕ, ਫੁੱਟਾ ਆਦਿ ਸ਼ਾਮਲ ਹਨ, ਇਹ ਔਜ਼ਾਰ ਵੀ ਸਮਾਜਿਕ ਸਿੱਖਿਆ ਦੇ ਕਮਰੇ ਵਿਚ ਸਾਂਭੇ ਜਾ ਸਕਦੇ ਹਨ।

2.1.4.3 **ਬੋਰਡ** :– ਇਸ ਦੇ ਵਿਚ ਕਾਲਾ ਬੋਰਡ, ਬੁਲੇਟਿਨ ਬੋਰਡ, ਫਲੈਨੇਲ ਬੋਰਡ ਆਦਿ ਸ਼ਾਮਲ ਹਨ ਜੋ ਕਿ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਰੱਖੇ ਜਾ ਸਕਦੇ ਹਨ। ਚਾਕ ਬੋਰਡ ਜਾਂ ਕਾਲਾ ਬੋਰਡ

ਸਹੀ ਉਪਯੁਕਤ ਆਕਾਰ ਦਾ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਸਮਾਜਿਕ ਸਿੱਖਿਆ ਦੇ ਕਮਰੇ ਵਿਚ ਸਹੀ ਥਾਂ ਤੇ ਰੱਖ ਕੇ ਅਧਿਆਪਕ ਦੇ ਵਲੋਂ ਬੱਚਿਆ ਨੂੰ ਕੋਈ ਗੱਲ ਲਿਖ ਕੇ ਦੱਸਣ ਦੇ ਲਈ ਵਰਤਿਆ ਜਾ ਸਕਦਾ ਹੈ। ਬੁਲੇਟਿਨ ਬੋਰਡ ਪ੍ਰਵੇਸ਼ ਦੁਆਰ ਦੇ ਕੋਲ ਹੋਣਾ ਚਾਹੀਦਾ ਹੈ। ਫਲੈਨਿਲ ਬੋਰਡ ਨੂੰ ਵੀ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਕਿਸੇ ਉਪਯੁਕਤ ਸਥਾਨ ਤੇ ਲਗਾ ਦਿੱਤਾ ਜਾਵੇ ਕਿਓਂਕਿ ਇਸ ਨੂੰ ਤਸਵੀਰਾਂ, ਫਲੈਸ਼ ਕਾਰਡ ਆਦਿ ਨੂੰ ਪ੍ਰਦਰਸ਼ਤ ਕਰਨ ਦੇ ਲਈ ਵਰਤਿਆ ਜਾਂਦਾ ਹੈ।

2.1.4.4 **ਛੋਟਾ ਪੁਸਤਕਾਲਾ** :- ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਇਕ ਛੋਟਾ ਜਿਹਾ ਪੁਸਤਕਾਲਾ ਹੋਣਾ ਚਾਹੀਦਾ ਹੈ। ਜਿਸ ਦੇ ਵਿਚ ਅਧਿਆਪਕ ਦੇ ਲਈ ਕਿਤਾਬਾਂ, ਹਵਾਲਾ ਪੁਸਤਕਾਂ ਰੱਖੀਆਂ ਜਾਣ। ਇਸ ਦੇ ਵਿਚ ਨਿਮਨਲਿਖਤ ਸਮਾਨ ਰੱਖਿਆ ਜਾਵੇ :

- ਕਿਤਾਬਾਂ
- ਹਵਾਲਾ ਪੁਸਤਕਾਂ
- ਜਰਨਲ
- ਮੈਗਜ਼ੀਨ
- ਅਖ਼ਬਾਰ
- ਕੇਂਦਰ ਅਤੇ ਸੂਬਾ ਸਰਕਾਰ ਦੁਆਰਾ ਪ੍ਰਕਾਸ਼ਤ ਕੀਤੇ ਪੈਫਲਿਟ।

2.1.4.5 **ਛੋਟਾ ਅਜਾਇਬ ਘਰ** :- ਇਕ ਚੰਗੀ ਤਰ੍ਹਾਂ ਬਣਾਏ ਗਏ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਇਕ ਅਜਾਇਬ ਘਰ ਜ਼ਰੂਰ ਹੋਣਾ ਚਾਹੀਦਾ ਹੈ। ਜਿਸ ਦੇ ਵਿਚ ਪੁਰਾਣੇ ਸਿੱਕੇ, ਪੁਰਾਣੇ ਕੱਪੜੇ , ਪੋਸ਼ਾਕਾਂ, ਬਰਤਨ, ਇਤਿਹਾਸਕ ਯਾਦਾਂ, ਪੁਰਾਣੀਆਂ ਪੇਟਿੰਗਾਂ, ਅਤੇ ਕਲਾਤਮਕ ਨਮੂਨੇ, ਤਸਵੀਰਾਂ, ਝੰਡੇ ਅਤੇ ਡਾਕ ਟਿਕਟਾਂ ਆਦਿ ਸੰਭਾਲ ਕੇ ਰੱਖੇ ਜਾ ਸਕਦੇ ਹਨ।

2.1.4.6 **ਵਿਸ਼ੇਸ਼ ਫਰਨੀਚਰ** :- ਵਿਦਿਆਰਥੀਆਂ ਅਤੇ ਸਮਾਜਿਕ ਸਿੱਖਿਆ ਅਧਿਆਪਕ ਦੇ ਲਈ ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਵਿਸ਼ੇਸ਼ ਫਰਨੀਚਰ ਹੋਣਾ ਚਾਹੀਦਾ ਹੈ। ਅਜਿਹਾ ਫਰਨੀਚਰ ਹੋਣਾ ਚਾਹੀਦਾ ਹੈ ਜੋ ਕਿ ਵਿਦਿਆਰਥੀਆਂ ਨੂੰ ਪ੍ਰੋਜੈਕਟ ਕਾਰਜ ਨੂੰ ਸੁਰੱਖਿਆ ਸਹਿਤ ਮੁਕੰਮਲ ਕਰਨ ਦੇ ਲਈ ਸਹਾਇਤਾ ਕਰ ਸਕੇ। ਹਿੱਲਣਯੋਗ ਮੇਜ਼ ਅਤੇ ਕੁਰਸੀ ਜ਼ਰੂਰ ਹੋਣ। ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਨਿਮਨਲਿਖਤ ਸਮਾਨ ਰੱਖ ਸਕਦੇ ਹਾ:

- ਵਿਦਿਆਰਥੀਆਂ ਦੇ ਲਈ ਕੁਰਸੀਆਂ, ਬੈਂਚ ਅਤੇ ਡੈਸਕ
- ਸਮਾਜਿਕ ਸਿੱਖਿਆ ਅਧਿਆਪਕ ਦੇ ਲਈ ਕੁਰਸੀ ਅਤੇ ਮੇਜ਼
- ਨਕਸ਼ੇ ਰੱਖਣ ਦੇ ਲਈ ਟਰੈਕ
- ਨਕਸ਼ਿਆਂ ਅਤੇ ਤਸਵੀਰਾਂ ਨੂੰ ਲੱਭਣ ਦੇ ਲਈ ਲੱਭਤ ਮੇਜ਼
- ਕਿਤਾਬਾਂ, ਫਾਈਲਾਂ, ਕਾਗਜ਼ ਪੱਤਰ, ਦਸਤਾਵੇਜ਼, ਵੀਡੀਓ ਕੈਸੇਟਾਂ, ਵੀ ਸੀਡੀਆਂ ਅਤੇ ਫ਼ਿਲਮਾਂ ਆਦਿ
- ਰੱਖਣ ਦੇ ਲਈ ਕੈਬਨਟ ਅਤੇ ਕੱਪਬੋਰਡ।

2.1.4.7 **ਬਿਜਲੀ ਦੀ ਸਹੀ ਫਿਟਿੰਗ** :- ਸਮਾਜਿਕ ਸਿੱਖਿਆ ਦੇ ਕਮਰੇ ਦੇ ਵਿਚ ਬਿਜਲੀ ਦਾ ਉਪਯੁਕਤ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਇਸ ਲਈ ਟਿਊਬ ਰੋਸ਼ਨੀ ਅਤੇ ਬਲਵਾਂ, ਪੱਖਿਆਂ ਆਦਿ ਦਾ ਸਹੀ ਪ੍ਰਬੰਧ ਹੋਣਾ ਚਾਹੀਦਾ ਹੈ। ਅਧਿਆਪਕ ਦਾ ਬੈਠਣ ਸਥਾਨ ਦੇ ਨੇੜੇ ਸਧਾਰਨ ਪਲੱਗ, ਕੰਪਿਊਟਰ ਅਤੇ ਪ੍ਰੋਜੈਕਟਰ ਦੇ ਲਈ ਪਾਵਰ ਪਲੱਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਹਵਾ ਲਈ ਪੱਖੇ , ਵੈਂਟੀਲੇਟਰ ਅਤੇ ਹੋਰ ਸਮਾਨ ਵੀ ਜ਼ਰੂਰ ਹੋਵੇ।

2.1.4.8 **ਕਮਰੇ ਦੀਆਂ ਵਿਸ਼ੇਸ਼ਤਾਵਾਂ** :- ਅਸਲ ਦੇ ਵਿਚ ਸਮਾਜਿਕ ਸਿੱਖਿਆ ਦੇ ਲਈ ਇਕ ਵਿਸ਼ੇਸ਼ ਕਮਰਾ ਚਾਹੀਦਾ ਹੈ। ਇਸ ਦੇ ਦੋ ਦਰਵਾਜ਼ੇ, ਇਕ ਦਾਖ਼ਲ ਹੋਣ ਅਤੇ ਇਕ ਬਾਹਰ ਨਿਕਲਣ ਲਈ ਹੋਣੇ ਚਾਹੀਦੇ ਹਨ। ਹਵਾ ਦੇ ਠੀਕ ਨਿਕਾਸ ਦੇ ਲਈ ਖਿੜਕੀਆਂ ਅਤੇ ਕੁਦਰਤੀ ਰੋਸ਼ਨੀ ਅੰਦਰ ਆਉਣ ਲਈ ਹੋਣ। ਖਿੜਕੀਆਂ ਅਤੇ ਦਰਵਾਜ਼ਿਆਂ ਤੇ ਕਾਲੇ ਪਰਦੇ ਲੱਗੇ ਹੋਣੇ ਚਾਹੀਦੇ ਹਨ ਤਾਂ ਜੋ ਵੱਖ ਵੱਖ ਪ੍ਰੋਜੈਕਟਰ ਦੀ ਵਰਤੋਂ ਦੇ ਸਮੇਂ ਕਮਰੇ ਦੇ ਵਿਚ ਹਨੇਰਾ ਕਾਇਮ ਕੀਤਾ ਜਾ ਸਕੇ। ਲਟਕਦੀਆਂ

ਤਸਵੀਰਾਂ, ਚਾਰਟਾਂ, ਨਕਸ਼ਿਆਂ ਆਦਿ ਦੇ ਲਈ ਕੰਧਾਂ ਤੇ ਰੇਲਿੰਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਕਮਰਾ ਲਗਭਗ 60 ਤੋਂ 70 ਵਿਦਿਆਰਥੀਆਂ ਨੂੰ ਇਕੋ ਪਾਸੇ ਇਕੱਤਰ ਹੋਣ ਜਿਤਨੀ ਥਾਂ ਜ਼ਰੂਰ ਮੁਹੱਈਓ ਕਰੇ ਅਤੇ ਅਧਿਆਪਨ ਦੇ ਲਈ 40 ਅਤੇ ਪ੍ਰੋਜੈਕਟ ਜਾਂ ਪ੍ਰਯੋਗੀ ਕਾਰਜ ਦੇ ਸਮੇਂ 20-30 ਵਿਦਿਆਰਥੀਆਂ ਦੀ ਸਮਰੱਥਾ ਜ਼ਰੂਰ ਹੋਣੀ ਚਾਹੀਦੀ ਹੈ। ਆਮ ਤੌਰ ਤੇ ਕਮਰੇ ਦਾ ਆਕਾਰ $14\times8$ ਮੀਟਰ ਰੱਖਿਆ ਜਾਂਦਾ ਹੈ। ਇਸ ਦੇ ਵਿਚ ਨਮੂਨਿਆਂ, ਫਾਈਲਾਂ, ਸਹਾਇਕ ਸਾਮਗਰੀ ਆਦਿ ਦੇ ਸਾਂਭਣ ਦੇ ਲਈ ਸ਼ੈਲਫਾਂ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।

2.1.4.9 **ਹੋਰ ਸਮੱਗਰੀ** :– ਜ਼ਿਕਰ ਕੀਤੇ ਗਏ ਸਮਾਨ ਤੋਂ ਬਿਨਾਂ ਸਮਾਜਿਕ ਸਿੱਖਿਆ ਦੇ ਕਮਰੇ ਵਿਚ ਪੇਂਟ, ਪਾਣੀ ਵਾਲੇ ਰੰਗ, ਰੰਗੀਨ ਪੈਨਸਲਾਂ, ਸਕੈਚ ਪੈਨ, ਸ਼ਿਆਹੀ, ਪੈਨ ਹੋਲਡਰ, ਰਬੜਾਂ, ਕੈਂਚੀਆਂ, ਕਾਗਜ਼, ਡਰਾਇੰਗ ਪਿਨ, ਚਾਕ, ਰੰਗੀਨ ਚਾਕ ਅਤੇ ਝਾੜਣ ਵੀ ਹੋਣੇ ਚਾਹੀਦੇ ਹਨ।

## 2.1.5 ਸਮਾਜਿਕ ਸਿੱਖਿਆ ਕਮਰੇ ਦਾ ਪ੍ਰਬੰਧ :

ਸਮਾਜਿਕ ਅਧਿਐਨ ਕਮਰੇ ਦੇ ਵਿਚ ਅਹਿਮ ਅਤੇ ਮਹਿੰਗਾ ਸਮਾਨ, ਔਜ਼ਾਰ ਅਤੇ ਸਾਜੋ ਸਮਾਨ ਹੁੰਦਾ ਹੈ। ਇਸ ਲਈ ਇਸ ਦੇ ਪ੍ਰਬੰਧ ਦੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਸਮਝੀ ਜਾਂਦੀ ਹੈ।

2.1.5.1 ਅਧਿਆਪਕ ਨੂੰ ਸਮਾਜਿਕ ਸਿੱਖਿਆ ਦੇ ਕਮਰੇ ਦੀ ਦੇਖ ਰੇਖ ਕਰਨੀ ਚਾਹੀਦੀ ਹੈ। ਇਸ ਦੀ ਉਮਰ, ਗੁਣਵੱਤਾ ਅਤੇ ਖੂਬੀ ਅਧਿਆਪਕ ਦੀ ਰੁਚੀ, ਦ੍ਰਿਸ਼ਟੀਕੋਣ, ਹੁਨਰ ਅਤੇ ਯੋਗਤਾ ਤੇ ਨਿਰਭਰ ਕਰਦੀ ਹੈ।

2.1.5.2 ਅਧਿਆਪਕ ਨੂੰ ਇਸ ਦੀ ਦੇਖ ਰੇਖ ਦੇ ਲਈ ਵਿਦਿਆਰਥੀਆਂ ਦੀ ਸਹਾਇਤਾ ਲੈਣੀ ਚਾਹੀਦੀ ਹੈ।

2.1.5.3 ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਇਸ ਦੇ ਵਿਚ ਵਿਸ਼ੇਸ਼ ਰੁਚੀ ਦਿਖਾਉਣੀ ਚਾਹੀਦੀ ਹੈ ਅਤੇ ਲੋੜ ਪੈਣ ਤੇ ਵਿੱਤ ਜਾਂ ਸਹਾਇਤਾ ਪ੍ਰਦਾਨ ਕਰਨ ਤੇ ਹਿਚਕਚਾਹਟ ਨਹੀਂ ਦਿਖਾਉਣੀ ਚਾਹੀਦੀ।

2.1.5.4 ਇਸ ਦੇ ਲਈ ਇਕ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ ਜਿਸ ਦੇ ਸਦੱਸਾਂ ਦੇ ਵਿਚ ਮੁਖੀ, ਉਪ ਮੁਖੀ, ਜਾਇੰਟ ਸਕੱਤਰ, ਖਜ਼ਾਨਚੀ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ।

ਅਸਲ ਦੇ ਵਿਚ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਦੇ ਨਾਲ ਸਮਾਜਿਕ ਸਿੱਖਿਆ ਦੇ ਕਮਰੇ ਦੀ ਦੇਖ ਰੇਖ ਸਹੀ ਢੰਗ ਦੇ ਨਾਲ ਹੋ ਸਕੇਗੀ ਅਤੇ ਇਸ ਦੇ ਨਾਲ ਵਿਸ਼ੇ ਦੇ ਵਿਚ ਵਿਦਿਆਰਥੀਆਂ ਦੀ ਦਿਲਚਸਪੀ ਵੀ ਵਧੇਗੀ।

## 2.1.6 ਸਾਰ

ਸਮਾਜਿਕ ਸਿੱਖਿਆ ਕਮਰੇ ਦੀ ਲੋੜ ਅਤੇ ਮਹੱਤਤਾ ਬਾਰੇ ਹਰ ਅਧਿਆਪਕ ਨੂੰ ਜਾਣੂ ਹੋਣਾ ਚਾਹੀਦਾ ਹੈ। ਇਯ ਕਮਰੇ ਵਿਚ ਸਮਾਜਿਕ ਸਿੱਖਿਆ ਨਾਲ ਸੰਬੰਧਿਤ ਸਾਜੋ ਸਮਾਨ ਹੁੰਦਾ ਹੈ ਜਿਸਦੀ ਵਰਤੋ ਕਰਕੇ ਵਿਦਿਆਰਥੀ ਵੱਖ ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਾਂ ਸਰਗਰਮੀਆਂ ਵਿਚ ਭਾਗ ਲੈਂਦੇ ਹਨ ?

## 2.1.7 ਮੁੱਖ ਨੁਕਤੇ :–

–ਵੱਖ-ਵੱਖ ਅਧਿਆਪਨ ਵਿਧੀਆਂ ਦੀ ਵਰਤੋ
–ਅਧਿਆਪਨ ਸਹਾਇਕ ਸਮੱਗਰੀ
–ਸਮਾਜਿਕ ਸਿੱਖਿਆ ਕਮਰੇ ਦੀਆਂ ਵਿਸ਼ੇਸ਼ਤਾਵਾਂ

## 2.1.8 ਸਵੈ-ਮੁਲਾਂਕਣ ਅਭਿਆਸ

1. ਸਮਾਜਿਕ ਸਿੱਖਿਆ ਦੇ ਕਮਰੇ ਵਿੱਚ ਵਿਦਿਆਰਥੀਆਂ ਨੂੰ .........ਬਣਾਉਣ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ।
2. ਪ੍ਰਭਾਵਸ਼ਾਲੀ ਅਧਿਆਪਨ ਦੇ ਲਈ ..........ਦੇ ਕਮਰੇ ਦੀ ਅਹਿਮ ਲੋੜ ਹੁੰਦੀ ਹੈ।

ਉੱਤਰ :- 1. ਚਾਰਟ, ਮਾਡਲ,ਗਰਾਫ ਆਦਿ 2. ਸਮਾਜਿਕ ਸਿੱਖਿਆ

### 2.1.9 ਸੁਝਾਏ ਪ੍ਰਸ਼ਨ

2.1.9.1 ਸਮਾਜਿਕ ਸਿੱਖਿਆ ਦੇ ਕਮਰੇ ਦੀ ਲੋੜ ਕੀ ਹੈ?

2.1.9.2 ਸਮਾਜਿਕ ਸਿੱਖਿਆ ਦੇ ਕਮਰੇ ਵਿਚ ਕਿਹੜੇ ਸਾਜੋ ਸਮਾਨ, ਔਜ਼ਾਰਾਂ ਅਤੇ ਸਮੱਗਰੀ ਦੀ ਜ਼ਰੂਰਤ ਪੈਂਦੀ ਹੈ?

2.1.9.3 ਸਮਾਜਿਕ ਸਿੱਖਿਆ ਦੇ ਕਮਰੇ ਦਾ ਮਹੱਤਵ ਦੱਸੋ ?

### 2.1.10 ਸੁਝਾਈਆਂ ਪੁਸਤਕਾਂ :

1. Binning A.C. and Binning, D.H. : Teaching of Social Studies in Secondary Schools
2. Shaida, B.D. : Teaching of Social Studies
3. Wesley, Bruce : Teaching of Social Studies
4. Sandhu, P.K. (2003) : Teaching of Social Studies (Punjabi)

## ਪਾਠ-ਪੁਸਤਕ : ਅਰਥ, ਕਿਸਮ, ਮਹੱਤਤਾ, ਵਿਸ਼ੇਸ਼ਤਾਵਾਂ

**ਪਾਠ ਨੰਬਰ : 2.2** **ਲੇਖਕ : ਡਾ. ਪਰਮਜੀਤ ਕੌਰ ਸੰਧੂ**

**2.2.1 ਉਦੇਸ਼**
**2.2.2 ਭੂਮਿਕਾ**
**2.2.3 ਪਾਠ ਪੁਸਤਕ ਦੀਆਂ ਕਿਸਮਾਂ**
**2.2.4 ਪਾਠਕ ਪੁਸਤਕ ਦੀ ਮਹੱਤਤਾ**
**2.2.5 ਪਾਠ ਪੁਸਤਕ ਦੀ ਜ਼ਰੂਰਤ**
**2.2.6 ਸਮਾਜਿਕ ਅਧਿਐਨ ਦੀ ਪਾਠ ਪੁਸਤਕ**
**2.2.7 ਪਾਠ ਪੁਸਤਕ ਦੀ ਚੋਣ**
**2.2.8 ਸ਼ਾਰ**
**2.2.9 ਮੁੱਖ ਨੁਕਤੇ**
**2.2.10 ਸਵੈ-ਮੁਲਾਂਕਣ ਅਭਿਆਸ**
**2.2.11 ਸੁਝਾਏ ਪ੍ਰਸ਼ਨ**
**2.2.12 ਸੁਝਾਈਆਂ ਪੁਸਤਕਾਂ**

### 2.2.1 ਉਦੇਸ਼ :

- ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣਯੋਗ ਹੋ ਜਾਣਗੇ ਕਿ ਪਾਠ ਪੁਸਤਕਾਂ ਦੀ ਕਿੰਨੀਆਂ ਕਿਸਮਾਂ ਹਨ।
- ਪਾਠ ਪੁਸਤਕ ਦੀ ਮਹੱਤਤਾ ਕੀ ਹੈ।
- ਪਾਠ ਪੁਸਤਕ ਕਿਉਂ ਜ਼ਰੂਰੀ ਹੈ।
- ਸਮਾਜਿਕ ਅਧਿਐਨ ਦੀ ਪਾਠ ਪੁਸਤਕ ਦੇ ਗੁਣ ਅਤੇ ਵਿਸ਼ੇਸ਼ਤਾਵਾਂ ਕੀ ਹਨ।

### 2.2.2 ਭੂਮਿਕਾ :

'ਪਾਠ ਪੁਸਤਕ' ਇਕ ਅਜਿਹਾ ਵਸੀਲਾ ਹੈ ਜੋ ਕਿਸੇ ਵਿਸ਼ੇਸ਼ ਅਧਿਐਨ ਦੀ ਮੁੱਢਲੀ ਜਾਣਕਾਰੀ ਦੇ ਸਕੇ। ਗਿਆਨ 'ਚ ਹੋਇਆ ਵਾਧਾ ਇੰਨਾ ਜ਼ਿਆਦਾ ਹੈ ਕਿ ਵਿਸ਼ਾ ਵਸਤੂ ਨੂੰ ਲੜੀਵਾਰ ਸਮਝਣਾ ਬਹੁਤ ਔਖਾ ਹੋ ਗਿਆ ਹੈ। ਇਕ ਅਜਿਹੀ ਪੁਸਤਕ ਜੋ ਮੂਲ ਗੱਲਬਾਤ ਨੂੰ ਖੁਸ਼ਬੂਦਾਰ ਗੁਲਦਸਤੇ ਦਾ ਰੂਪ ਦੇ ਸਕੇ, ਵੱਖ ਵੱਖ ਪੱਖਾਂ ਨੂੰ ਗੁੰਦ ਕੇ ਇਕ ਤਰਤੀਬ ਦੇ ਸਕੇ, ਇਸ ਦੇ ਨਾਲ ਨਾਲ ਗਿਆਨ ਦਾ ਸਰੋਤ ਵੀ ਹੋਵੇ, ਅਜਿਹੀ ਪੁਸਤਕ ਨੂੰ ਇਕ ਨਪੀ ਤੁਲੀ 'ਪਾਠ ਪੁਸਤਕ' ਕਿਹਾ ਜਾ ਸਕਦਾ ਹੈ।

ਕਿਸੇ ਵਿਸ਼ੇਸ਼ ਜਮਾਤ ਲਈ ਪਾਠ ਯੋਜਨਾਵਾਂ ਨੂੰ ਤਰਤੀਬਵਾਰ ਕਰਕੇ ਕਿਸੇ ਪੁਸਤਕ ਦਾ ਰੂਪ ਦੇਣਾ ਜਿਸ ਤੋਂ ਅਧਿਆਪਕ ਅਤੇ ਵਿਦਿਆਰਥੀ ਦੋਹਾਂ ਨੂੰ ਜ਼ਰੂਰੀ ਗਿਆਨ ਪ੍ਰਾਪਤ ਕਰਨ ਵਿਚ ਆਸਾਨੀ ਹੋਵੇ, ਅਜਿਹੀ ਪੁਸਤਕ ਨੂੰ ਪਾਠ-ਪੁਸਤਕ (Text Book) ਕਿਹਾ ਜਾਂਦਾ ਹੈ। ਪਾਠ ਪੁਸਤਕ ਦਾ ਅਰਥ ਸਮਝਣ ਲਈ ਪਾਠ (Text) ਸ਼ਬਦ ਦਾ ਅਰਥ ਸਮਝਣਾ ਜ਼ਰੂਰੀ ਹੈ। ਕਿਉਂਕਿ ਪੁਸਤਕਾਂ ਤਾਂ ਸਾਨੂੰ ਪਤਾ ਹੀ ਹੈ ਕਿ ਇਹ ਉਹ ਚੀਜ਼ ਹੈ ਜਿਸ ਵਿਚ ਗਿਆਨ ਸੰਭਾਲਿਆ ਹੁੰਦਾ ਹੈ। Homby E.V. Gratenby and H. Wakefied ਨੇ ਆਪਣੇ ਸ਼ਬਦ ਕੋਸ਼ The Advanced Learner's Dictionary of Current English ਵਿਚ ਟੈਕਸਟ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ, ਟੈਕਸਟ ਤੋਂ ਭਾਵ ਪੁਸਤਕ ਜਾਂ ਛਪੇ ਹੋਏ ਪੰਨੇ ਵਿਚ ਦਿੱਤੀ ਮੂਲ ਗੱਲਬਾਤ ਤੋਂ ਹੈ।

Becon defined, "a book designed for class room use carefully prepared by experts in the field and equipped with the usual teaching devices."

ਇਸ ਪ੍ਰਕਾਰ ਟੈਕਸਟ (Text) ਤੋਂ ਭਾਵ ਪੁਸਤਕ ਦੇ ਮੁੱਖ ਰੂਪ ਤੋਂ ਲਿਆ ਜਾਂਦਾ ਹੈ। ਇਸ ਲਈ ਵਿਸ਼ਾ ਵਸਤੂ (subject matter) ਨੂੰ ਵਿਸਤਾਰ ਨਾਲ ਦਰਸਾਇਆ ਜਾਂਦਾ ਹੈ। ਇਸ ਲਈ ਲੇਖਕ ਦੀ ਆਪਣੀ ਮੌਲਿਕਤਾ ਵੀ ਹੁੰਦੀ ਹੈ, ਜਦੋਂ ਕਿ ਉਹ ਕਿਸੇ ਹੋਰ ਦੇ ਵਿਚਾਰ ਵੀ ਪ੍ਰਗਟ ਕਰ ਸਕਦਾ ਹੈ ? The Students Model Dictionary ਦੇ ਅਨੁਸਾਰ, ਪਾਠ ਪੁਸਤਕ ਉਹ ਪੁਸਤਕ ਹੈ ਜੋ ਕਿਸੇ ਵਿਸ਼ੇਸ਼ ਸ਼੍ਰੇਣੀ ਦੇ ਅਧਿਐਨ ਲਈ ਨਿਰਧਾਰਿਤ ਕੀਤੀ ਜਾਂਦੀ ਹੈ।

### 2.2.3 ਪਾਠ ਪੁਸਤਕ ਦੀਆਂ ਕਿਸਮਾਂ (Kinds of Text Book)

ਪਾਠ ਪੁਸਤਕ ਦੀਆਂ ਕਿਸਮਾਂ ਇਸ ਪ੍ਰਕਾਰ ਹਨ :

1. **ਵਿਸਤ੍ਰਿਤ ਵਸਤੂ ਵਾਲੀ ਪੁਸਤਕ (Detailed Subject matter Book) :** ਇਹ ਅਜਿਹੀਆਂ ਪੁਸਤਕਾਂ ਹੁੰਦੀਆਂ ਹਨ ਜਿਹਨਾਂ ਵਿਚ ਵਸਤੂ ਨੂੰ ਵਿਸਤਾਰ ਨਾਲ ਦਿੱਤਾ ਹੁੰਦਾ ਹੈ ਪਰੰਤੂ ਅੱਗੇ ਹੋਰ ਵਿਆਖਿਆ ਕਰਨ ਦੀ ਵੀ ਗੁੰਜਾਇਸ਼ ਹੁੰਦੀ ਹੈ।

2. **ਸੀਮਿਤ ਵਿਸ਼ਾ ਵਸਤੂ ਵਾਲੀ ਪੁਸਤਕ (Limited Subject matter Book) :** ਇਹ ਪੁਸਤਕ ਇਸ ਪ੍ਰਕਾਰ ਦੀ ਹੁੰਦੀ ਹੈ ਜਿਸ ਵਿਚ ਵਿਸ਼ਾ ਵਸਤੂ ਬਾਰੇ ਜਾਣਕਾਰੀ ਸੀਮਤ ਹੁੰਦੀ ਹੈ। ਇਸ ਵਿਚ ਵਿਸ਼ੇ ਦਾ ਸਿਰਫ ਢਾਂਚਾ ਹੀ ਦਿੱਤਾ ਹੈ, ਵਿਸਤਾਰ ਸਹਿਤ ਕੁਝ ਨਹੀਂ ਦਿੱਤਾ ਹੁੰਦਾ।

3. **ਸੰਪੂਰਨ ਵਿਸ਼ਾ ਵਸਤੂ ਪੁਸਤਕ (Confined Perfect Subject matter Book) :** ਅਜਿਹੀ ਪੁਸਤਕ ਵਿਚ ਤੱਥਾਂ ਅਤੇ ਅੰਕੜਿਆਂ ਨੂੰ ਪੂਰੇ ਵਿਸਤਾਰ ਨਾਲ ਦਿੱਤਾ ਜਾਂਦਾ ਹੈ। ਕੋਈ ਅਜਿਹਾ ਪੱਖ ਨਹੀਂ ਹੁੰਦਾ ਜਿਸ ਵਿਚ ਵੇਰਵੇ ਸਹਿਤ ਵਿਆਖਿਆ ਕੀਤੀ ਗਈ ਹੈ। ਕਿਸੇ ਵੀ ਵਿਸ਼ੇ ਨੂੰ ਚੰਗੀ ਤਰ੍ਹਾਂ ਪੜ੍ਹਾਉਣ ਲਈ ਢੁਕਵੀਂ ਵਿਧੀ, ਉਚਿਤ ਸਹਾਇਕ ਸਮੱਗਰੀ, ਮਾਹਿਰ ਅਧਿਆਪਕ ਅਤੇ ਚੰਗੀ ਪਾਠ ਪੁਸਤਕ ਦਾ ਹੋਣਾ ਜ਼ਰੂਰੀ ਹੀ ਹੈ। ਸਮਾਜਿਕ ਅਧਿਆਨ ਵਿਸ਼ੇ ਲਈ ਤਾਂ ਪਾਠ ਪੁਸਤਕ ਦਾ ਹੋਣਾ ਹੋਰ ਵੀ ਜ਼ਰੂਰੀ ਹੈ। ਸੰਸਾਰ ਅਤੇ ਭਾਰਤ ਦਾ ਇਤਿਹਾਸ, ਭੂਗੋਲ ਅਤੇ ਨਾਗਰਿਕ ਸ਼ਾਸਤਰ ਇੰਨਾ ਲੰਬਾ ਹੈ ਕਿ ਇਕੋ ਵਾਰੀ ਪੜ੍ਹਾਉਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਇਸ ਨੂੰ ਵੱਖ ਵੱਖ ਸਟੇਜਾਂ ਅਰਥਾਤ ਕਲਾਸਾਂ ਵਿਚ ਵੰਡ ਕੇ ਪੜ੍ਹਾਉਣਾ ਵਧੇਰੇ ਉਪਯੋਗੀ ਹੋ ਸਕਦਾ ਹੈ। ਇਕ ਪੱਧਰ ਦੀ ਇਤਿਹਾਸ ਭੂਗੋਲ ਜਾਂ ਨਾਗਰਿਕ ਸ਼ਾਸਤਰ ਨੂੰ ਪਾਠ-ਪੁਸਤਕ ਵਿਚ ਵੀ ਨਿਰਧਾਰਿਤ ਕੀਤਾ ਜਾ ਸਕਦਾ ਹੈ। ਇਸ ਨਾਲ ਅਧਿਆਪਕ ਨੂੰ ਗਿਆਨ ਹੋ ਜਾਂਦਾ ਹੈ ਕਿ ਉਸ ਨੇ ਅਕਾਦਮਿਕ ਸੈਸ਼ਨ ਵਿਚ ਕਿੰਨਾ ਕੁਝ ਪੜ੍ਹਾਉਣਾ ਹੈ ਅਤੇ ਵਿਦਿਆਰਥੀਆਂ ਨੂੰ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਨੇ ਕੀ ਪੜ੍ਹਨਾ ਹੈ ਅਤੇ ਕਿੰਨਾ ਪੜ੍ਹਨਾ ਹੈ। ਲੇਖਨ ਵਿਧੀ ਤੇ ਪ੍ਰਿੰਟਿਗ ਪ੍ਰੈਸ ਨੇ ਗਿਆਨ ਨੂੰ ਕਿਤਾਬਾਂ ਵਿਚ ਸਜਾ ਕੇ ਰੱਖ ਦਿੱਤਾ ਹੈ।

ਪਾਠ ਪੁਸਤਕ ਸਿਰਫ ਆਧੁਨਿਕ ਯੁੱਗ ਦੀ ਹੀ ਗੱਲ ਨਹੀਂ, ਪਾਠ ਪੁਸਤਕ ਵੀ ਸਿੱਖਿਆ ਪ੍ਰਣਾਲੀ ਜਿੰਨੀ ਪੁਰਾਣੀ ਹੈ। ਪੁਰਾਤਨ ਸਮੇਂ ਵਿਚ ਸਿੱਖਿਆ ਪ੍ਰਣਾਲੀ ਅੱਜ ਵਰਗੀ ਨਹੀਂ ਸੀ। ਇਸ ਪ੍ਰਕਾਰ ਪੁਰਾਤਨ ਸਮੇਂ ਦੀ ਪਾਠ ਪੁਸਤਕ ਆਧੁਨਿਕ ਪਾਠ ਪੁਸਤਕ ਨਾਲੋਂ ਵੱਖਰੀ ਕਿਸਮ ਦੀ ਸੀ। ਇਤਿਹਾਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਮਨੁੱਖ ਜੋ ਗਿਆਨ ਪ੍ਰਾਪਤ ਕਰਦਾ ਸੀ, ਉਹ ਉਸ ਨੂੰ ਜ਼ਬਾਨੀ ਯਾਦ ਕਰਦਾ ਸੀ। ਭਾਰਤ ਵਿਚ ਪ੍ਰਾਚੀਨ ਸਮੇਂ ਵਿਚ ਸਿੱਖਿਆ ਜ਼ਬਾਨੀ ਦਿੱਤੀ ਜਾਂਦੀ ਸੀ ਅਤੇ ਇਹ ਜ਼ਬਾਨੀ ਸਿੱਖਿਆ ਇਕ ਮੂੰਹ ਤੋਂ ਦੂਜੇ ਮੂੰਹ ਤੋਂ ਅਤੇ ਪੀੜੀ ਤੋਂ ਪੀੜੀ ਤੱਕ ਚਲਦੀ ਰਹੀ। ਇਸ ਦੇ ਪਰਿਣਾਮ ਸਰੂਪ ਗਿਆਨ ਭੰਡਾਰ ਵਧਦਾ ਗਿਆ। ਇਥੋਂ ਤੱਕ ਕਿ ਸਾਰੇ ਗਿਆਨ ਨੂੰ ਜ਼ਬਾਨੀ ਯਾਦ ਰੱਖਣਾ ਕਠਿਨ ਹੀ ਨਹੀਂ ਸਗੋਂ ਅਸੰਭਵ ਹੋ ਗਿਆ।

ਇਸ ਸ੍ਰਿਸ਼ਟੀ ਵਿਚ ਸਿਰਫ ਮਨੁੱਖ ਨੂੰ ਹੀ ਸੋਚ ਸ਼ਕਤੀ ਦਾ ਵਰਦਾਨ ਮਿਲਿਆ ਹੈ, ਇਸ ਲਈ ਆਪਣੇ ਗਿਆਨ ਰੂਪੀ ਭੰਡਾਰ ਦੀ ਸੰਭਾਲ ਅਤੇ ਵਿਕਾਸ ਲਈ ਉਸ ਨੇ ਸੋਚਣਾ ਸ਼ੁਰੂ ਕੀਤਾ ਕਿ ਇਸ ਗਿਆਨ ਨੂੰ ਕਿਵੇਂ ਸੰਭਾਲਿਆ ਜਾਵੇ? ਕਾਫੀ ਸੋਚਣ ਤੋਂ ਬਾਅਦ ਮਨੁੱਖ ਨੇ ਇਕ ਕਿਸਮ ਦੀ ਸੰਕੇਤਾਵਲੀ ਤਿਆਰ ਕੀਤੀ। ਹਰ ਸ਼ਬਦ ਨੂੰ ਬੋਲਣ ਲਈ ਉਸ ਨੇ ਸੰਕੇਤ ਨਿਰਧਾਰਿਤ ਕੀਤੇ ਉਨ੍ਹਾਂ ਸੰਕੇਤਾਂ ਨੂੰ ਪੱਥਰਾਂ ਦਰੱਖਤਾਂ ਉੱਤੇ ਉਕਰਨਾ ਅਤੇ ਪੱਤਿਆਂ ਉੱਤੇ ਰੰਗ ਨਾਲ ਲਿਖਣਾ ਸ਼ੁਰੂ ਕੀਤਾ। ਇਸ ਤਰ੍ਹਾਂ ਲਿਪੀ ਹੋਂਦ ਵਿਚ ਆਈ। ਮਨੁੱਖ ਨੇ ਆਪਣੇ ਗਿਆਨ ਨੂੰ ਨੋ ਕੀਲੀ ਚੀਜ਼ ਅਤੇ ਰੰਗ ਦੀ ਸਹਾਇਤਾ ਨਾਲ ਪੱਤਿਆਂ ਤੇ ਲਿਖਣਾ ਸ਼ੁਰੂ ਕੀਤਾ। ਵੱਖ ਪ੍ਰਕਾਰ ਦੇ ਗਿਆਨ ਵਾਲੇ ਪੱਤਿਆਂ ਨੂੰ ਵੱਖ ਵੱਖ ਬੰਨ੍ਹਕੇ ਰੱਖਣਾ ਸ਼ੁਰੂ ਕਰ ਦਿੱਤਾ। ਇਹ ਪਹਿਲੀ ਪੁਸਤਕ ਸੀ। ਇਸ ਤੋਂ ਗਿਆਨ ਦੀ ਸਿੱਖਿਆ ਦਿੱਤੀ ਜਾਂਦੀ ਸੀ, ਇਸ ਲਈ ਪਾਠ ਪੁਸਤਕ ਵੀ ਸੀ। ਇਸ ਦੇ ਫਲਸਰੂਪ ਲਿਖਤੀ ਰੂਪ ਵਿਚ ਪੁਸਤਕਾਂ ਹੋਂਦ ਵਿਚ ਆਈਆਂ।

ਗਿਆਨ ਇੰਨਾ ਵਿਸ਼ਾਲ ਹੈ ਕਿ ਜੀਵਨ ਉਸ ਅਨੁਸਾਰ ਛੋਟਾ ਹੈ। ਪਾਠ ਪੁਸਤਕ ਉਸ ਗਿਆਨ ਰੂਪੀ ਪੰਛੀ ਦੇ ਸੁਨਹਿਰੇ ਖੰਭ ਹਨ ਜਿਨ੍ਹਾਂ ਵਿਚ ਸਚਾਈ ਝੁੱਕ ਕੇ ਬੈਠੀ ਹੈ। ਇਹ ਵਿਚਾਰ ਪ੍ਰਚਲਤ ਹੈ ਕਿ ਭਾਵੇਂ ਪਾਠ ਪੁਸਤਕਾਂ ਪੜ੍ਹਾਉਣ ਦੇ ਕਈ

ਸਾਧਨਾਂ ਵਿਚੋਂ ਇਕ ਗਿਣੀਆਂ ਜਾਂਦੀਆਂ ਹਨ। ਪਰੰਤੂ ਸਚਾਈ ਇਹ ਹੈ ਕਿ ਅਧਿਆਪਕ ਦੀ ਵੱਡੀ ਗਿਣਤੀ ਸਾਧਾਰਨ ਰੂਪ ਵਿਚ ਪਾਠ ਪੁਸਤਕਾਂ ਤੇ ਹੀ ਨਿਰਭਰ ਕਰਦੀ ਹੈ। ਆਮ ਤੇ ਪਾਠ ਪੁਸਤਕਾਂ ਪ੍ਰਾਇਮਰੀ ਸਕੂਲਾਂ ਨਾਲੋਂ ਵਿਚ ਜ਼ਿਆਦਾ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ।

### 2.2.4 ਪਾਠ ਪੁਸਤਕ ਦੀ ਮਹੱਤਤਾ (Importance of Text Book in Social Studies)

ਅੱਜ ਦੇ ਯੁੱਗ ਵਿਚ ਸਿੱਖਿਆ ਸੰਬੰਧੀ ਪਾਠ ਪੁਸਤਕ ਦਾ ਮਹੱਤਵ ਹੈ। ਪਾਠ ਪੁਸਤਕਾਂ ਦੇ ਮਹੱਤਵ ਨੂੰ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਜਾ ਸਕਦਾ ਹੈ।

1. **ਅਧਿਆਪਕ ਲਈ ਜ਼ਰੂਰਤ** **(Essential to a Teacher) :** ਜਿਸ ਤਰ੍ਹਾਂ ਤਰਖਾਣ ਨੂੰ ਆਰੀ, ਤੇਸੀ, ਰੰਦੇ ਆਦਿ ਸਮਾਨ ਦੀ ਜ਼ਰੂਰਤ ਪੈਂਦੀ ਹੈ ਅਤੇ ਉਹ ਇਸ ਸਮਾਨ ਤੋਂ ਬਿਨਾਂ ਲੱਕੜ ਨੂੰ ਹੀ ਲੋੜੀਂਦੀ ਸ਼ਕਲ ਨਹੀਂ ਦੇ ਸਕਦਾ ਠੀਕ ਇਸੇ ਤਰ੍ਹਾਂ ਇਕ ਅਧਿਆਪਕ ਪਾਠ ਪੁਸਤਕ ਤੋਂ ਬਿਨਾਂ ਇਕ ਵਿਦਿਆਰਥੀ ਨੂੰ ਆਦਰਸ਼ ਨਾਗਰਿਕ ਨਹੀਂ ਬਣਾ ਸਕਦਾ। ਇਤਿਹਾਸ ਤੇ ਭੂਗੋਲ ਦੀ ਠੀਕ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਅਧਿਆਪਕ ਕਈ ਜਮਾਤਾਂ ਪੜ੍ਹਾਉਂਦਾ ਹੈ। ਹਰ ਇਕ ਜਮਾਤ ਲਈ ਉਸ ਕੋਲ ਅਲੱਗ ਤੇ ਉਸ ਕਲਾਸ ਦੇ ਸਿਲੇਬਸ ਅਨੁਸਾਰ ਪਾਠ ਪੁਸਤਕ ਹੁੰਦੀ ਹੈ। ਪਾਠ ਪੁਸਤਕ ਦੀ ਸਹਾਇਤਾ ਨਾਲ ਅਧਿਆਪਕ ਉਸ ਜਮਾਤ ਦੇ ਵਿਦਿਆਰਥੀਆਂ ਦੇ ਦਿਮਾਗੀ ਪੱਧਰ ਅਨੁਸਾਰ ਪੜ੍ਹਾਉਂਦਾ ਹੈ। ਪਾਠ ਪੁਸਤਕ ਅਧਿਆਪਕ ਲਈ ਇਕ ਔਜ਼ਾਰ ਦੇ ਤੌਰ ਤੇ ਕੰਮ ਕਰਦੀ ਹੈ।

2. **ਵਿਦਿਆਰਥੀ ਲਈ ਜ਼ਰੂਰੀ** **(Essential to a Student) :** ਪਾਠ ਪੁਸਤਕ ਵਿਦਿਆਰਥੀਆਂ ਲਈ ਜ਼ਰੂਰੀ ਹੈ। ਜੋ ਕੁਝ ਵੀ ਜਮਾਤ ਵਿਚ ਪੜ੍ਹਾਉਂਦਾ ਹੈ ਉਹ ਪਾਠ ਪੁਸਤਕ ਵਿਚ ਸਥਾਈ ਰੂਪ ਵਿਚ ਦਿੱਤਾ ਗਿਆ ਹੁੰਦਾ ਹੈ। ਅਧਿਆਪਕ ਵੱਲੋਂ ਸੁਣੇ ਹੋਏ ਗਿਆਨ ਨੂੰ ਪਾਠ ਦੀ ਸਹਾਇਤਾ ਨਾਲ ਪੱਕਾ ਕਰ ਲੈਂਦਾ ਹੈ। ਕਈ ਵਾਰੀ ਪਾਠ ਪੁਸਤਕਾਂ ਵਿਚ ਲੋੜੀਂਦੀਆਂ ਤਸਵੀਰਾਂ ਆਦਿ ਵੀ ਦਿੱਤੀਆਂ ਹੁੰਦੀਆਂ ਹਨ ਜੋ ਵਿਦਿਆਰਥੀਆਂ ਨੂੰ ਸਮਝਣ ਵਿਚ ਮਦਦ ਕਰਦੀਆਂ ਹਨ।

3. **ਪਾਠ ਪੁਸਤਕ ਪੂਰਵ-ਆਵਸ਼ੱਕਤਾ** **(Text Book pre-requistie) :** ਸਿੱਖਿਆ ਦੇ ਅਨੇਕਾਂ ਉਦੇਸ਼ ਹਨ। ਇਨ੍ਹਾਂ ਵੱਖ ਵੱਖ ਉਦੇਸ਼ਾਂ ਦੀ ਪੂਰਤੀ ਲਈ ਸਾਧਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ ਕਿ ਪੜ੍ਹਾਉਣ ਦੀ ਵਿਧੀ, ਸਹਾਇਕ ਸਮੱਗਰੀ ਅਧਿਆਪਕ, ਜਮਾਤ ਦਾ ਕਮਰਾ ਅਤੇ ਪਾਠ ਪੁਸਤਕ ਆਦਿਕ। ਪਾਠ ਪੁਸਤਕ ਇਕ ਅਜਿਹਾ ਸਾਧਨ ਹੈ ਜਿਸ ਤੋਂ ਬਿਨਾਂ ਉਦੇਸ਼ਾਂ ਦੀ ਪੂਰਤੀ ਅਸੰਭਵ ਹੈ। ਜੇਕਰ ਚੰਗਾ ਅਧਿਆਪਕ ਹੈ, ਪੜ੍ਹਾਉਣ ਦੀ ਵਿਧੀ ਵੀ ਹੈ, ਲੋੜੀਂਦੀ ਸਮੱਗਰੀ ਹੈ ਪਰ ਪਾਠ ਪੁਸਤਕ ਨਹੀਂ ਤਾਂ ਵਿਧੀ, ਸਹਾਇਕ ਸਮੱਗਰੀ ਤੇ ਅਧਿਆਪਕ ਕੁਝ ਨਹੀਂ ਕਰ ਸਕਦਾ। ਉਦੇਸ਼ਾਂ ਦੀ ਪੂਰਤੀ ਲਈ ਪਾਠ ਪੁਸਤਕ ਦਾ ਹੋਣਾ ਜ਼ਰੂਰੀ ਹੈ। ਪਾਠ ਪੁਸਤਕ ਤੋਂ ਬਿਨਾਂ ਸਿੱਖਿਆ ਬਾਰੇ ਕਲਪਨਾ ਹੀ ਕੀਤੀ ਜਾ ਸਕਦੀ।

4. **ਬਾਲ ਕੇਂਦਰਿਤ ਸਿੱਖਿਆ ਲਈ ਲਾਭਦਾਇਕ** **(Useful for Child-Education) :** ਜੇ ਬਾਲ ਕੇਂਦਰਿਤ ਸਿੱਖਿਆ ਦੇ ਵਿਚਾਰ ਨੂੰ ਅਸਲੀ ਰੂਪ ਦੇਣਾ ਹੈ ਤਾਂ ਸਮਾਜਿਕ ਅਧਿਐਨ ਪਾਠ ਪੁਸਤਕ ਦੀ ਵਰਤੋਂ ਹੋਰ ਜ਼ਰੂਰੀ ਹੈ। ਜੇਕਰ ਪ੍ਰਾਜੈਕਟ ਵਿਧੀ, ਪ੍ਰਯੋਗਸ਼ਾਲਾ ਵਿਧੀ, ਪਾਠ ਪੁਸਤਕ ਵਿਧੀ, ਵਾਦ-ਵਿਵਾਦ ਵਿਧੀ, ਆਦਿਕ ਬਾਲ ਕੇਂਦਰਿਤ ਸਿੱਖਿਆ ਅਪਣਾਉਣੀਆਂ ਹੋਣ ਤਾਂ ਸਮਾਜਿਕ ਅਧਿਐਨ ਪਾਠ ਪੁਸਤਕ ਵਿਦਿਆਰਥੀਆਂ ਨੂੰ ਸੁਤੰਤਰ ਅਧਿਆਨ ਅਤੇ ਸੁਤੰਤਰ ਕੰਮ ਕਰਨ ਵਿਚ ਲਾਭਦਾਇਕ ਹੁੰਦੀਆਂ ਹਨ। ਪਾਠ ਪੁਸਤਕ ਤੋਂ ਬਿਨਾਂ ਇਹ ਵਿਧੀਆਂ ਕਾਮਯਾਬ ਨਹੀਂ ਹੋ ਸਕਦੀਆਂ।

5. **ਪਾਠ ਦੁਹਰਾਈ ਲਈ ਜ਼ਰੂਰੀ** **(Essential for Revision Lesson) :** ਅਧਿਆਪਕ ਕਲਾਸ ਵਿਚ ਭਾਵੇਂ ਕਿਸੇ ਵੀ ਵਿਧੀ ਦੁਆਰਾ ਪੜ੍ਹਾਏ, ਵਿਦਿਆਰਥੀ ਨੂੰ ਸਾਰੇ ਦਾ ਸਾਰਾ ਯਾਦ ਨਹੀਂ ਰਹਿੰਦਾ। ਇਸ ਦੁਹਰਾਈ ਲਈ ਪਾਠ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਅਧਿਆਪਕ ਵੱਲੋਂ ਦੱਸੀ ਗਈ ਗਿਆਨ ਦੀ ਗੱਲ ਨੂੰ ਵਿਦਿਆਰਥੀ ਪਾਠ ਪੁਸਤਕ ਤੋਂ ਹੋਰ ਜ਼ਿਆਦਾ ਵਿਸਤਾਰ ਵਿਚ ਪੜ੍ਹ ਸਕਦਾ ਹੈ। ਅਧਿਆਪਕ ਵੱਲੋਂ ਦਿੱਤਾ ਗਿਆ ਘਰ ਦਾ ਕੰਮ ਵਿਦਿਆਰਥੀ ਪਾਠ ਪੁਸਤਕ ਤੋਂ ਹੀ ਕਰਦਾ ਹੈ। ਇਹਨਾਂ ਵਿਚ ਅਭਿਆਸ ਪ੍ਰਸ਼ਨ ਦਿੱਤੇ ਗਏ ਹੁੰਦੇ ਹਨ।

6. **ਵਿਸ਼ਾ ਵਸਤੂ ਅਤੇ ਢੰਗ ਦਾ ਨਿਰਧਾਰਿਤ ਕਰਨਾ** **(Determination of Subject matter and Method) :** ਪਾਠ ਪੁਸਤਕ ਨਾਲ ਅਧਿਆਪਕ ਨੂੰ ਪਤਾ ਲਗਦਾ ਹੈ ਕਿ ਉਸ ਨੇ ਕੀ ਪੜ੍ਹਾਉਣਾ ਹੈ ਅਤੇ ਕਿਵੇਂ ਪੜ੍ਹਾਉਣਾ ਹੈ। ਅਧਿਆਪਕ ਪਹਿਲਾਂ ਵਿਸ਼ਾ ਵਸਤੂ ਚੁਣਦਾ ਹੈ ਤੇ ਫਿਰ ਉਸ ਵਿਸ਼ੇ ਵਸਤੂ ਮੁਤਾਬਿਕ ਵਿਧੀ ਤੇ ਸਹਾਇਕ ਸਮੱਗਰੀ ਜਾਣਦਾ ਹੈ।

H.R. Dougals ਦੇ ਸ਼ਬਦ ਵਿਚ, "ਇਕ ਵੱਡੀ ਗਿਣਤੀ ਦੇ ਅੰਤਮ ਵਿਸ਼ਲੇਸ਼ਨ ਦਾ ਨਿਰਣਾ ਹੈ ਕਿ ਅਧਿਆਪਕ ਕੀ ਪੜ੍ਹਾਉਣਗੇ ਅਤੇ ਕਿਵੇਂ ਪੜ੍ਹਾਉਣਗੇ। ਇਸ ਦਾ ਫੈਸਲਾ ਕਰਨ ਵਿਚ ਪਾਠ ਪੁਸਤਕ ਨਿਰਣਾਇਕ ਸਾਧਨ ਹੈ। ਪਾਠ ਪੁਸਤਕ ਵਿਸ਼ਾ ਵਸਤੂ ਅਤੇ ਵਿਧੀ

ਨਿਰਧਾਰਿਤ ਕਰਨ ਦਾ ਆਧਾਰ ਹੈ।''

7. **ਵਿਸ਼ੇ ਦੀ ਸਪੱਸ਼ਟਤਾ (Clarity of Subject) :** ਪਾਠ ਪੁਸਤਕ ਵਿਚ ਵਿਸ਼ਿਆਂ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤੇ ਗਿਆ ਹੁੰਦਾ ਹੈ। ਇਸ ਲਈ ਵਿਸ਼ੇ ਦੇ ਸੰਬੰਧ ਵਿਚ ਕੋਈ ਵੀ ਭੁਲੇਖਾ ਪਾਠ ਪੁਸਤਕ ਤੋਂ ਦੂਰ ਕੀਤਾ ਜਾ ਸਕਦਾ ਹੈ।

8. **ਸਿੱਖਿਆ ਵਿਚ ਇਕਰੂਪਤਾ (Uniformity of Education) :** ਪਾਠ ਪੁਸਤਕਾਂ ਦੀ ਰਚਨਾ ਕਰਕੇ ਵੱਖ ਵੱਖ ਸ਼੍ਰੇਣੀਆਂ ਦਾ ਪੱਧਰ ਨਿਰਧਾਰਿਤ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਵਿਚ ਇਕਸਾਰਤਾ ਸਥਾਪਿਤ ਕੀਤੀ ਜਾ ਸਕਦੀ ਹੈ।

9. **ਸਮਾਂ ਬਚਾਉਣ ਲਈ (Time Saving) :** ਪਾਠ ਪੁਸਤਕ ਤੋਂ ਬਿਨਾਂ ਗਿਆਨ ਪ੍ਰਾਪਤ ਕਰਨ ਲਈ ਕਾਫੀ ਸਮਾਂ ਲੱਗਦਾ ਹੈ। ਵਿਦਿਆਰਥੀ ਨੂੰ ਸੰਬੰਧਿਤ ਗਿਆਨ ਦੀ ਪ੍ਰਾਪਤੀ ਲਈ ਕਈ ਪੁਸਤਕਾਂ ਅਤੇ ਹੋਰ ਸਾਧਨਾਂ ਦਾ ਪ੍ਰਯੋਗ ਕਰਨਾ ਪੈਂਦਾ ਹੈ। ਪਾਠ ਪੁਸਤਕ ਵਿਚ ਲੋੜੀਂਦੀ ਗਿਆਨ ਤਰਤੀਬਵਾਰ ਢੰਗ ਨਾਲ ਦਿੱਤਾ ਗਿਆ ਹੁੰਦਾ ਹੈ। ਇਸ ਤਰ੍ਹਾਂ ਸਮੇਂ ਦੀ ਕਾਫੀ ਬੱਚਤ ਹੋ ਜਾਂਦੀ ਹੈ।

10. **ਗਿਆਨ ਵਿਚ ਵਾਧਾ (Improve in Knowledge) :** ਸਮੇਂ ਸਮੇਂ ਪਾਠ ਪੁਸਤਕਾਂ ਦੀ ਦੁਹਰਾਈ ਕਰਕੇ ਉਸ ਨੂੰ ਕੇ ਸੋਧ ਨਵੀਨਤਮ ਗਿਆਨ ਉਸ ਵਿਚ ਸ਼ਾਮਲ ਕੀਤਾ ਜਾਂਦਾ ਹੈ। ਮਨੁੱਖੀ ਗਿਆਨ ਵਿਚ ਹਰ ਦਿਨ ਵਿਕਾਸ ਅਤੇ ਵਾਧਾ ਹੁੰਦਾ ਹੈ। ਅਜਿਹੇ ਗਿਆਨ ਨੂੰ ਬੱਚਿਆਂ ਤੱਕ ਪਹੁੰਚਾਉਣ ਲਈ ਪਾਠ ਪੁਸਤਕਾਂ ਜ਼ਰੂਰ ਹਨ।

11. **ਅਧਿਆਪਕ ਅਤੇ ਵਿਦਿਆਰਥੀ ਨੂੰ ਠੀਕ ਮਾਰਗ ਤੇ ਰੱਖਦੀ ਹੈ (Keeps Teacher and Student within the Right Track) :** ਕਈ ਵਾਰੀ ਅਧਿਆਪਕ ਨੂੰ ਸਮਾਜਿਕ ਅਧਿਐਨ ਬਾਰੇ ਇਨ੍ਹਾਂ ਗਿਆਨ ਹੁੰਦਾ ਹੈ ਕਿ ਉਸ ਦੀ ਹੱਦ ਕੋਈ ਨਹੀਂ ਹੁੰਦੀ। ਇਸੇ ਤਰ੍ਹਾਂ ਬਹੁਤ ਸਾਰੇ ਵਿਦਿਆਰਥੀ ਵੀ ਇਸ ਹੱਦ ਤੋਂ ਅਣਜਾਣ ਹੁੰਦੇ ਹਨ। ਇਕ ਚੰਗੀ ਪਾਠ ਪੁਸਤਕ ਵਿਦਿਆਰਥੀ ਅਤੇ ਅਧਿਆਪਕ ਨੂੰ ਠੀਕ ਮਾਰਗ ਤੇ ਰੱਖਣ ਵਿਚ ਸਹਾਈ ਹੁੰਦੀ ਹੈ।

12. **ਪਾਠ-ਪੁਸਤਕ ਵਿਧੀ ਵਿਚ ਸਹਾਇਕ** : ਪਾਠ ਪੁਸਤਕ ਵਿਧੀ ਪੁਸਤਕ ਦੁਆਲੇ ਘੁੰਮਦੀ ਹੈ। ਸੋ ਪਾਠ ਪੁਸਤਕ ਵਿਧੀ ਨਾਲ ਪੜ੍ਹਾਉਣ ਲਈ ਅਧਿਆਪਕ ਨੂੰ ਪਾਠ ਪੁਸਤਕਾਂ ਦੀ ਲੋੜ ਹੁੰਦੀ ਹੈ।

ਪਾਠ ਪੁਸਤਕ ਅਤੇ ਅਧਿਆਪਕ ਦਾ ਪੜ੍ਹਾਉਣਾ (Class teaching) ਇਕ ਦੂਜੇ ਲਈ ਸਹਾਇਕ ਹੋਣੇ ਚਾਹੀਦੇ ਹਨ। ਪ੍ਰੀਖਿਆਵਾਂ ਨੂੰ ਥੋੜ੍ਹੇ ਸਮੇਂ ਵਿਚ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੀ ਪ੍ਰਦਾਨ ਕਰਦੀਆਂ ਹਨ। ਲੜੀਵਾਰ ਦਿੱਤੇ ਗਏ ਗਿਆਨ ਨੂੰ ਸਮੇਟਣਾ ਵਿਦਿਆਰਥੀ ਲਈ ਆਸਾਨ ਹੋ ਜਾਂਦਾ ਹੈ।

ਪਾਠ ਪੁਸਤਕ ਦੇ ਸੰਬੰਧ ਵਿਚ ਉਪਰੋਕਤ ਚਰਚਾ ਤੋਂ ਇਹ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖਿਆ ਪ੍ਰਣਾਲੀ ਵਿਚ ਇਸ ਬਹੁਤ ਮਹੱਤਤਾ ਹੈ। ਪਾਠ ਪੁਸਤਕ ਬਿਨਾਂ ਗਿਆਨ ਪ੍ਰਦਾਨ ਕਰਨਾ ਅਧੂਰਾ ਹੀ ਨਹੀਂ ਸਗੋਂ ਅਸੰਭਵ ਹੈ। ਪਾਠ ਪੁਸਤਕ ਦੀ ਮਹੱਤਤਾ ਅਧਿਆਪਕ ਵਿਦਿਆਰਥੀ ਦੋਹਾਂ ਲਈ ਬਹੁਤ ਹੈ। ਚੰਗੀ ਵਿਧੀ ਦਾ ਆਧਾਰ ਪਾਠ ਪੁਸਤਕਾਂ ਹਨ। ਚੰਗੀ ਸਿੱਖਿਆ ਪ੍ਰਦਾਨ ਕਰਨ ਲਈ ਹੋਰ ਕਿੰਨੇ ਵੀ ਸਾਧਨਾਂ ਦੀ ਵਰਤੋਂ ਕੀਤੀ ਜਾਵੇ ਪਰ ਪਾਠ ਪੁਸਤਕਾਂ ਦੀ ਆਪਣੀ ਵੱਖਰੀ ਮਹੱਤਤਾ ਹੈ। ਸਮਾਜਿਕ ਅਧਿਐਨ ਵਿਚ ਪਾਠ ਪੁਸਤਕਾਂ ਦੀ ਬਹੁਤ ਮਹੱਤਤਾ ਹੈ।

### 2.2.5 ਪਾਠ ਪੁਸਤਕ ਦੀ ਜ਼ਰੂਰਤ (Need of Text Book)

ਕੁਝ ਸਿੱਖਿਆ ਵਿਦਵਾਨਾਂ ਦਾ ਕਹਿਣਾ ਹੈ ਕਿ ਪਾਠ ਪੁਸਤਕ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਉਨ੍ਹਾਂ ਦਾ ਵਿਚਾਰ ਹੈ ਕਿ ਇਤਿਹਾਸ ਅਤੀਤ ਦਾ ਵਿਗਿਆਨ ਹੈ, ਅਤੀਤ ਬਾਰੇ ਦੱਸਣਾ ਹੀ ਕਾਫੀ ਹੈ। ਇਸੇ ਤਰ੍ਹਾਂ ਹੀ ਨਾਗਰਿਕ ਸ਼ਾਸਤਰ ਰੋਜ਼ਾਨਾ ਜੀਵਨ ਦਾ ਵਿਗਿਆਨ ਹੈ ਇਸ ਲਈ ਅਜਿਹਾ ਗਿਆਨ ਅਸਲੀ ਜੀਵਨ ਤੋਂ ਪ੍ਰਾਪਤ ਹੁੰਦਾ ਹੈ ਭੂਗੋਲ ਸਾਡੇ ਆਲੇ ਦੁਆਲੇ ਦਾ ਗਿਆਨ ਕਰਾਉਂਦਾ ਹੈ ਇਸ ਲਈ ਇਸ ਬਾਰੇ ਪਾਠ ਪੁਸਤਕਾਂ ਦੀ ਜ਼ਰੂਰਤ ਨਹੀਂ ਹੈ। ਕੁਝ ਕੁ ਵਿਦਵਾਨਾਂ ਦਾ ਵਿਚਾਰ ਹੈ ਕਿ ਪਾਠ ਪੁਸਤਕਾਂ ਦੇ ਕਾਰਣ ਵਿਦਿਆਰਥੀ ਰੱਟਾ ਲਾਉਣ ਦੇ ਆਦੀ ਹੋ ਜਾਂਦੇ ਹਨ। ਇਸ ਦੇ ਨਤੀਜੇ ਉਹ ਤਰਕ ਅਤੇ ਸੂਝ ਬੂਝ ਨੂੰ ਤਿਆਗ ਦਿੰਦੇ ਹਨ। ਅਮਰੀਕਾ ਵਿਚ ਕੁਝ ਅਜਿਹੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਜਿਹਨਾਂ ਵਿਚ ਸਿੱਖਿਆ ਪਾਠ ਪੁਸਤਕਾਂ ਦੁਆਰਾ ਨਾ ਦੇਣ ਦਾ ਫੈਸਲਾ ਕੀਤਾ ਗਿਆ। ਪਰੰਤੂ ਮੁਲਾਂਕਣ ਅਤੇ ਵਿਸ਼ਲੇਸ਼ਨ ਕਰਨ ਤੋਂ ਮਗਰੋਂ ਇਹ ਸਿੱਧ ਹੋਇਆ ਕਿ ਅਜਿਹਾ ਕਰਨ ਨਾਲ ਸਿੱਖਿਆ ਦੇ ਉਦੇਸ਼ ਦੀ ਪੂਰਤੀ ਨਹੀਂ ਹੋ ਸਕਦੀ। ਬੱਚੇ ਨੂੰ ਪ੍ਰਤਖ ਗਿਆਨ ਦਿੱਤਾ ਜਾਣਾ ਚਾਹੀਦਾ ਹੈ। ਇਹ ਵਿਚਾਰ ਤਾਂ ਠੀਕ ਹੈ ਪਰ ਪਾਠ ਪੁਸਤਕਾਂ ਵਿਚ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਕਿ ਪ੍ਰਤੱਖ ਗਿਆਨ ਦਿੱਤਾ ਜਾਵੇ। ਕਿਸੇ ਵਿਸ਼ੇ ਬਾਰੇ ਪ੍ਰਤੱਖ ਗਿਆਨ ਦੇਣਾ ਕਿਸੇ ਔਖਾ ਹੁੰਦਾ ਹੈ। ਉਦਾਹਰਨ ਦੇ

ਤੌਰ ਤੇ ਜੇਕਰ ਅਸੀਂ ਬੱਚੇ ਨੂੰ ਅਮਰੀਕਾ ਬਾਰੇ ਪ੍ਰਤੱਖ ਗਿਆਨ ਕਰਵਾਉਣਾ ਹੈ ਤਾਂ ਕੀ ਇਹ ਸੰਭਵ ਹੈ? ਇਸ ਲਈ ਵਿਸ਼ੇ ਮੁਤਾਬਿਕ ਪਾਠ ਪੁਸਤਕ ਦੀ ਜ਼ਰੂਰਤ ਪੈਂਦੀ ਹੈ ਜਾਂ ਫਿਰ ਪ੍ਰਾਪਤ ਕੀਤੇ ਗਿਆਨ ਨੂੰ ਸੰਭਾਲਣ ਲਈ ਪਾਠ ਪੁਸਤਕ ਲਿਖੀ ਜਾਂਦੀ ਹੈ।

ਪਾਠ ਪੁਸਤਕ ਦੀ ਜ਼ਰੂਰਤ ਹੇਠ ਲਿਖੇ ਕਾਰਨਾਂ ਕਰਕੇ ਵੀ ਹੈ :

1. **ਪਰੀਖਿਆ ਵਿਚ ਸਫਲਤਾ ਪ੍ਰਾਪਤ ਕਰਨ ਲਈ** **(For Success in Examination) :** ਕਿਸੇ ਵਿਦਿਆਰਥੀ ਵੱਲੋਂ ਪ੍ਰਾਪਤ ਕੀਤੇ ਗਏ ਗਿਆਨ ਨੂੰ ਠੀਕ ਢੰਗ ਨਾਲ ਪਰਖਣ ਲਈ ਪਰੀਖਿਆ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਇਸ ਤਰ੍ਹਾਂ ਦੀ ਪਰੀਖਿਆ ਵਿਚ ਸਫਲ ਹੋਣ ਲਈ ਨਿਸ਼ਚਿਤ ਗਿਆਨ ਨੂੰ ਯਾਦ ਰੱਖਣਾ ਜ਼ਰੂਰੀ ਹੈ। ਇਸ ਉਦੇਸ਼ ਦੀ ਪੂਰਤੀ ਵਿਚ ਪਾਠ ਪੁਸਤਕ ਸਹਾਇਕ ਸਿੱਧ ਹੁੰਦੀ ਹੈ ਕਿਉਂਕਿ ਕਈ ਵਾਰ ਵਿਅਕਤੀ ਪ੍ਰਾਪਤ ਕੀਤੇ ਗਿਆਨ ਨੂੰ ਭੁਲਾ ਵੀ ਸਕਦਾ ਹੈ। ਇਤਿਹਾਸ ਵਿਚ ਇਸ ਤਰ੍ਹਾਂ ਦੀ ਸਥਿਤੀ ਆਮ ਆਉਂਦੀ ਹੈ। ਅਜਿਹੀ ਸਥਿਤੀ ਨਾਲ ਨਿਪਟਣ ਲਈ ਪਾਠ ਪੁਸਤਕ ਵਿਚੋਂ ਦੁਬਾਰਾ ਪੜ੍ਹਿਆ ਜਾ ਸਕਦਾ ਹੈ। ਪਾਠ ਪੁਸਤਕ ਤੋਂ ਬਿਨਾ ਪ੍ਰੀਖਿਆ ਦੀ ਤਿਆਰੀ ਨਹੀਂ ਹੋ ਸਕਦੀ।

2. **ਸਿੱਖਿਆ ਦੀ ਜਟਿਲਤਾ** **(Complexity of Education) :** ਅੱਜ ਦੇ ਯੁੱਗ ਵਿਚ ਮਨੁੱਖ ਨੇ ਵਿਗਿਆਨ, ਤਕਨਾਲੋਜੀ, ਉਦਯੋਗ ਅਤੇ ਹੋਰ ਕਈ ਖੇਤਰਾਂ ਵਿਚ ਹੈਰਾਨ ਕਰ ਦੇਣ ਵਾਲੀ ਤਰੱਕੀ ਕੀਤੀ ਹੈ। ਗਿਆਨ ਦਾ ਭੰਡਾਰ ਇੰਨਾ ਗੁੰਝਲਦਾਰ ਅਤੇ ਵਿਸ਼ਾਲ ਹੋ ਗਿਆ ਹੈ ਕਿ ਇਸ ਨੂੰ ਜ਼ਬਾਨੀ ਰੂਪ ਵਿਚ ਪ੍ਰਾਪਤ ਕਰਨਾ ਕੇਵਲ ਕਲਪਨਾ ਕਰਨ ਤੋਂ ਵੱਧ ਹੋਰ ਕੁਝ ਨਹੀਂ ਹੋ ਸਕਦਾ। ਇੰਨੇ ਵਿਸ਼ਾਲ ਭੰਡਾਰ ਨੂੰ ਵੱਖ ਵੱਖ ਵਿਅਕਤੀਆਂ ਲਈ ਕਿਤਾਬ ਸ਼ਕਲ ਵਿਚ ਹੀ ਪ੍ਰਦਾਨ ਕੀਤਾ ਜਾ ਸਕਦਾ ਹੈ।

3. **ਵਿਅਕਤੀਗਤ ਧਿਆਨ ਲਈ** **(Need for Personal Attention) :** ਅੱਜ ਦੇ ਯੁੱਗ ਵਿਚ ਜਮਾਤ ਦਾ ਆਕਾਰ ਵੱਧਦਾ ਜਾ ਰਿਹਾ ਹੈ ਜਿਸ ਕਰਕੇ ਅਧਿਆਪਕ ਲਈ ਇਹ ਸੰਭਵ ਨਹੀਂ ਹੈ ਕਿ ਵਿਅਕਤੀਗਤ ਰੂਪ ਵਿਚ ਹਰ ਇਕ ਵਿਦਿਆਰਥੀ ਵੱਲ ਨਿੱਜੀ ਰੂਪ ਵਿਚ ਧਿਆਨ ਦੇ ਸਕੇ। ਵਿਅਕਤੀਗਤ ਅੰਤਰ ਹੋਣ ਕਰਕੇ ਜਮਾਤ ਦੀ ਪੜ੍ਹਾਈ ਸਾਰੇ ਵਿਦਿਆਰਥੀਆਂ ਦੀ ਲੋੜ, ਇੱਛਾ ਅਤੇ ਲਗਾਉ ਅਨੁਸਾਰ ਨਹੀਂ ਦਿੱਤੀ ਜਾ ਸਕਦੀ। ਇਸ ਘਾਟ ਨੂੰ ਪੂਰਾ ਕਰਨ ਲਈ ਪਾਠ ਪੁਸਤਕ ਦੀ ਜ਼ਰੂਰਤ ਪੈਂਦੀ ਹੈ।

4. **ਲੈਕਚਰ ਵਿਧੀ ਦੀ ਪੂਰਕ** **(Complementary to Lecture Method) :** ਲੈਕਚਰ ਵਿਧੀ ਦੀਆਂ ਕੁਝ ਕਮੀਆਂ ਹੁੰਦੀਆਂ ਹਨ। ਅਧਿਆਪਕ ਭਾਵੇਂ ਕਿੰਨਾ ਹੀ ਯੋਗ ਕਿਉਂ ਨਾ ਹੋਵੇ ਉਸ ਦਾ ਭਾਸ਼ਣ ਪਾਠ ਪੁਸਤਕ ਦੀ ਸਹਾਇਤਾ ਤੋਂ ਬਿਨਾਂ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ। ਪਾਠ ਪੁਸਤਕ ਦੀ ਅਣਹੋਂਦ ਤੋਂ ਬਿਨਾਂ ਗਲਤ ਵਿਸ਼ਾ ਵਸਤੂ (subject matter) ਪੜ੍ਹਾਇਆ ਜਾ ਸਕਦਾ ਹੈ। ਜੋ ਕਿ ਵਿਦਿਆਰਥੀ ਲਈ ਬੜਾ ਹੀ ਹਾਨੀਕਾਰਕ ਸਿੱਧ ਹੋ ਸਕਦਾ ਹੈ। ਇਸ ਲਈ ਪਾਠ ਪੁਸਤਕ ਦੀ ਬਹੁਤ ਜ਼ਰੂਰਤ ਹੈ। ਪਾਠ ਪੁਸਤਕ ਦੀ ਜ਼ਰੂਰਤ ਹਮੇਸ਼ਾ ਰਹਿੰਦੀ ਹੈ ਕਿਉਂਕਿ ਅਧਿਆਪਕ ਨੇ ਭਾਵੇਂ ਕਿਸੇ ਵੀ ਵਿਧੀ ਦੁਆਰਾ ਪੜ੍ਹਾਉਣਾ ਹੋਵੇ, ਪਾਠ ਪੁਸਤਕ ਆਧਾਰ ਹੁੰਦਾ ਹੈ।

5. **ਸਿੱਖਿਆ ਦੇ ਪੱਧਰ ਨੂੰ ਨਿਰਧਾਰਿਤ ਕਰਨ ਲਈ** **(For Determination of Level of Education) :** ਕਿਸੇ ਵਿਸ਼ੇ ਦਾ ਸਾਰਾ ਗਿਆਨ ਇਕੋ ਵਾਰੀ ਅਤੇ ਇਕੋ ਨਿਸ਼ਚਿਤ ਸਮੇਂ ਵਿਚ ਨਹੀਂ ਦਿੱਤਾ ਜਾ ਸਕਦਾ। ਇਸ ਨੂੰ ਵੱਖ ਵੱਖ ਸਟੇਜਾਂ ਅਨੁਸਾਰ ਤਰਤੀਬਵਾਰ ਵੰਡ ਕੇ ਦੇਣਾ ਪੈਂਦਾ ਹੈ। ਇਸ ਲਈ ਨੰਬਰਵਾਰ ਕਲਾਸ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਕਿਹੜੀ ਕਲਾਸ ਵਿਚ ਕਿਸ ਵਿਸ਼ੇ ਦੀ ਕਿੰਨੀ ਅਤੇ ਕਿਹੜੀ ਸਟੇਜ ਤੱਕ ਸਿੱਖਿਆ ਦੇਣੀ ਹੈ। ਇਸ ਨੂੰ ਨਿਰਧਾਰਿਤ ਕਰਨ ਲਈ ਵੱਖ ਵੱਖ ਕਲਾਸਾਂ ਲਈ ਵੱਖ ਵੱਖ ਪਾਠ ਪੁਸਤਕਾਂ ਪ੍ਰਕਾਸ਼ਿਤ ਕਰਨੀਆਂ ਜ਼ਰੂਰੀ ਹਨ।

6. **ਮਾਪਿਆਂ ਲਈ** **(For Parents) :** ਕਈ ਮਾਤਾ-ਪਿਤਾ ਬੱਚਿਆਂ ਦੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਦਿੰਦੇ ਹਨ। ਉਹ ਹਰ ਵਿਸ਼ੇ ਦੇ ਮਾਹਿਰ ਨਹੀਂ ਹੁੰਦੇ ਪਰ ਪਾਠ ਪੁਸਤਕ ਦੀ ਸਹਾਇਤਾ ਨਾਲ ਆਪਣੇ ਬੱਚੇ ਨੂੰ ਚੰਗਾ ਪੜ੍ਹਾ ਸਕਦੇ ਹਨ।

7. **ਉਤਸ਼ਾਹ** **(Encouragement) :** ਪਾਠ ਪੁਸਤਕ ਤੋਂ ਬੱਚੇ ਨੂੰ ਹੋਰ ਅੱਗੇ ਅਧਿਐਨ ਕਰਨ ਲਈ ਉਤਸ਼ਾਹ ਮਿਲਦਾ ਹੈ। ਇਸ ਵਿਚ ਸਿੱਟਾ, ਪ੍ਰਸ਼ਨ ਅਤੇ ਵਿਆਖਿਆ ਆਦਿ ਦਾ ਜੋ ਵਰਣਨ ਕੀਤਾ ਹੁੰਦਾ ਹੈ ਉਹ ਵਧੇਰੇ ਅਧਿਐਨ ਜ਼ਰੂਰੀ ਹੈ।

ਪਾਠ ਪੁਸਤਕ ਦੀ ਬਹੁਤ ਜ਼ਰੂਰਤ ਹੈ। ਪਾਠ ਪੁਸਤਕ ਤੋਂ ਬੱਚੇ ਨੂੰ ਹੋਰ ਅੱਗੇ ਅਧਿਐਨ ਕਰਨ ਲਈ ਉਤਸ਼ਾਹ ਮਿਲਦਾ ਹੈ। ਇਸ ਵਿਚ ਸਿੱਟੇ, ਪ੍ਰਸ਼ਨ ਅਤੇ ਵਿਆਖਿਆ ਆਦਿ ਦਾ ਜੋ ਵਰਣਨ ਕੀਤਾ ਹੁੰਦਾ ਹੈ ਉਹ ਵਧੇਰੇ ਅਧਿਐਨ ਲਈ ਜ਼ਰੂਰੀ ਹੈ।

## 2.2.6 ਸਮਾਜਿਕ ਅਧਿਐਨ ਦੀ ਪਾਠ ਪੁਸਤਕ ਦੇ ਗੁਣ ਤੇ ਵਿਸ਼ੇਸ਼ਤਾਵਾਂ (Qualities and Characteristics of Text Book in Social Studies)

ਸਮਾਜਿਕ ਅਧਿਐਨ ਵਿਚ ਪਾਠ ਪੁਸਤਕ ਦੀ ਮਹੱਤਤਾ ਅਤੇ ਲੋੜ ਤੋਂ ਅਸੀਂ ਭਲੀਭਾਂਤ ਜਾਣੂ ਹੋ ਚੁੱਕੇ ਹਾਂ। ਪਾਠ ਪੁਸਤਕ ਦੇ ਗੁਣ ਤੇ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :

1. **ਸਾਦਾ ਅਤੇ ਸਰਲ ਸ਼ੈਲੀ (Simple and Easy Style) :** ਸਮਾਜਿਕ ਅਧਿਐਨ ਦੀਆਂ ਪਾਠ ਪੁਸਤਕਾਂ ਦੀ ਵੱਡੀ ਖੂਬੀ ਇਹ ਹੈ ਕਿ ਭਾਸ਼ਾ ਸਰਲ ਤੇ ਸਾਦੀ ਹੋਣੀ ਚਾਹੀਦੀ ਹੈ। ਜੇਕਰ ਇਹ ਪ੍ਰਾਇਮਰੀ ਜਮਾਤ ਲਈ ਲਿਖੀ ਗਈ ਹੈ ਤਾਂ ਇਹ ਕਹਾਣੀ ਰੂਪ (story form) ਵਿਚ ਹੋਵੇ। ਜੇ ਵੱਡੀਆਂ ਕਲਾਸਾਂ ਲਈ ਲਿਖੀ ਹੋਈ ਹੈ ਤਾਂ ਇਸ ਦੀ ਸ਼ੈਲੀ ਵਧੇਰੇ ਢੁੱਕਵੀਂ ਹੋਵੇ ਅਤੇ ਇਹ ਜੀਵਨੀ ਰੂਪ (biographical form) ਜਾਂ ਵਿਸ਼ੇ ਸੰਬੰਧੀ ਰੂਪ (topical form) ਵਿਚ ਪੇਸ਼ ਕੀਤੀ ਗਈ ਹੋਵੇ। ਭਾਵ ਇਹ ਹੈ ਕਿ ਪਾਠ ਪੁਸਤਕ ਦੀ ਸ਼ੈਲੀ ਹਰ ਹਾਲਤ ਵਿਚ ਸਾਦਾ ਅਤੇ ਸਰਲ ਹੋਵੇ। ਇਸ ਦੇ ਤੱਥ ਅਤੇ ਹੋਰ ਸਭ ਜਾਣਕਾਰੀ ਠੀਕ ਹੋਵੇ, ਇਸ ਦਾ ਵਿਸ਼ਾ ਵਸਤੂ ਨਵੀਨ ਹੋਵੇ।

2. **ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਲਾਭਦਾਇਕ (Useful for the Teachers and Students) :** ਸੋਸ਼ਲ ਸਟੱਡੀਜ਼ ਦੀ ਪਾਠ ਪੁਸਤਕ ਸਿਰਫ ਵਿਦਿਆਰਥੀਆਂ ਲਈ ਨਹੀਂ ਸਗੋਂ ਅਧਿਆਪਕਾਂ ਲਈ ਵੀ ਲਾਭਦਾਇਕ ਹੋਵੇ। ਇਸ ਵਿਚ ਦਿੱਤੇ ਹੋਏ ਵਿਸ਼ਾ ਵਸਤੂ (subject matter) ਦੀ ਚੋਣ ਬੜੀ ਚੰਗੀ ਤਰ੍ਹਾਂ ਕਰਨੀ ਚਾਹੀਦੀ ਹੈ। ਪਾਠ ਪੁਸਤਕ ਉੱਚੀ ਪੱਧਰ ਵਾਲੀ ਹੋਣੀ ਚਾਹੀਦੀ ਹੈ। ਪਾਠ ਪੁਸਤਕ ਬੜੀ ਚੰਗੀ ਸ਼ੈਲੀ ਵਿਚ ਲਿਖੀ ਹੋਵੇ ਅਤੇ ਅਜਿਹੀ ਸ਼ਬਦਾਵਲੀ (vocabulary) ਦੀ ਵਰਤੋਂ ਕੀਤੀ ਜਾਵੇ, ਜਿਹੜੀ ਕਿ ਬੱਚਿਆਂ ਦੇ ਉਮਰ ਗਰੁੱਪ (age group) ਅਨੁਸਾਰ ਹੋਵੇ। ਇਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਲਈ ਜਾਣਕਾਰੀ ਸੋਮਾ (source of information) ਹੋਣ ਤੋਂ ਇਲਾਵਾ ਸਾਹਿਤਕ ਖਿੱਚ (literary appeal) ਵੀ ਰੱਖਦੀ ਹੋਵੇ।

3. **ਵਿਸ਼ਾ ਵਸਤੂ ਪੱਖਪਾਤ ਤੋਂ ਰਹਿਤ (Subject matter free from Prejudice) :** ਪਾਠ ਪੁਸਤਕ ਵਿਚ ਦਿੱਤਾ ਹੋਇਆ ਵਿਸ਼ਾ ਵਸਤੂ ਪੱਖ-ਪਾਤ ਤੋਂ ਰਹਿਤ ਹੋਵੇ, ਇਸ ਵਿਚ ਕਿਸੇ ਧਰਮ, ਜਾਤ ਜਾਂ ਬਰਾਦਰੀ ਨੂੰ ਦੁੱਖ ਦੇਣ ਵਾਲੀ ਗੱਲ ਨਾ ਲਿਖੀ ਹੋਵੇ। ਇਸ ਵਿਚ ਤੰਗ ਦਿਲੀ ਵਾਲੀ ਕੋਈ ਗੱਲ ਨਾ ਸ਼ਾਮਲ ਹੋਵੇ, ਸਗੋਂ ਵਿਸ਼ਾਲ ਹਮਦਰਦੀ ਭਾਵ ਧਰਮ ਨਿਰਪੱਖਤਾ ਅਤੇ ਮਾਨਵ ਸੇਵਾ ਦੀਆਂ ਗੱਲਾਂ ਲਿਖੀਆਂ ਹੋਈਆਂ ਹੋਣ। ਜਿਵੇਂ ਕਿ ਪਿਛਲੇ ਸਮੇਂ ਦੌਰਾਨ ਪਾਠ ਪੁਸਤਕਾਂ ਵਿਚ ਲਿਖੀ ਵਿਸ਼ਾ-ਵਸਤੂ ਨੂੰ ਲੋਕ ਵਿਵਾਦ ਚਲਦਾ ਰਿਹਾ ਹੈ। ਇਸ ਤਰ੍ਹਾਂ ਦਾ ਵਿਵਾਦ ਵਾਲਾ ਵਿਸ਼ਾ-ਵਸਤੂ ਨਹੀਂ ਹੋਣਾ ਚਾਹੀਦਾ। ਇਸ ਦੇ ਲੇਖਕ ਵੱਲੋਂ ਆਪਣੇ ਨਿੱਜੀ ਵਿਚਾਰ ਦੂਜਿਆਂ ਉੱਤੇ ਠੋਸਣ ਦਾ ਜਤਨ ਨਹੀਂ ਹੋਣਾ ਚਾਹੀਦਾ। ਉਹ ਕਿਸੇ ਰੂਪ ਵਿਚ ਸਮਾਜਿਕ ਤੱਥਾਂ ਦੀ ਅਸਲ ਸਚਾਈ ਨੂੰ ਨਾ ਬਦਲੇ।

4. **ਪਾਠ ਪੁਸਤਕ ਦਾ ਆਕਾਰ, ਛਪਾਈ ਅਤੇ ਦਿੱਖ (Size, Printing Get up of Text Book) :** ਪਾਠ ਪੁਸਤਕ ਦਾ ਆਕਾਰ ਬਹੁਤ ਵੱਡਾ ਨਾ ਹੋਵੇ। ਪ੍ਰਾਇਮਰੀ ਕਲਾਸਾਂ ਲਈ ਛੋਟੇ ਆਕਾਰ ਵਾਲੀ ਪਾਠ ਪੁਸਤਕ ਹੋਣੀ ਚਾਹੀਦੀ ਹੈ। ਇਹ ਮੋਟੇ ਅਤੇ ਸਾਫ ਅੱਖਰਾਂ ਵਿਚ ਛਪੀ ਹੋਣੀ ਚਾਹੀਦੀ ਹੈ ਤਾਂ ਬੱਚੇ ਇਸ ਨੂੰ ਆਸਾਨੀ ਨਾਲ ਪੜ੍ਹ ਸਕਣ। ਛਪਾਈ ਸ਼ੁੱਧ ਹੋਣੀ ਚਾਹੀਦੀ ਹੈ। ਪਾਠ ਪੁਸਤਕਾਂ ਵਿਚ ਦਿਖ ਬੜੀ ਖਿੱਚ ਭਰਪੂਰ ਹੋਵੇ ਤਾਂ ਜੋ ਵਿਦਿਆਰਥੀ ਉਸ ਨੂੰ ਆਪਣੇ ਕੋਲ ਰਖਕੇ ਖੁਸ਼ ਹੋਣ, ਵਿਸ਼ੇਸ਼ ਕਰਕੇ ਛੋਟੀਆ ਜਮਾਤਾਂ ਦੇ ਬੱਚੇ। ਇਸ ਦਾ ਡਿਜ਼ਾਇਨ ਸੋਹਣਾ ਤੇ ਰੰਗਦਾਰ ਹੋਣਾ ਚਾਹੀਦਾ ਹੈ। ਇਸ ਦਾ ਕਾਗਜ਼ ਵਧੀਆ ਤੇ ਵਧੀਆ ਟਾਈਪ ਹੋਣੀ ਚਾਹੀਦੀ ਹੈ।

5. **ਸਮਾਜਿਕ ਅਧਿਐਨ ਦੀ ਪਾਠ ਪੁਸਤਕ ਪੂਰਕ ਅਤੇ ਸਹਾਇਕ ਹੋਵੇ (A Text Book of Social Studies should be Complementary as well as Supplementary) :** ਵੱਖ ਵੱਖ ਕਲਾਸਾਂ ਦੀਆਂ ਪਾਠ ਪੁਸਤਕਾਂ ਇਕ ਦੂਜੀਆਂ ਨਾਲ ਸੰਬੰਧਤ ਹੋਣ। ਉਦਾਹਰਣ ਵਜੋਂ, ਪ੍ਰਾਇਮਰੀ ਜਮਾਤਾਂ ਦੀਆਂ ਪਾਠ ਪੁਸਤਕਾਂ ਮਿਡਲ ਜਮਾਤਾਂ ਦੀਆ ਪਾਠ ਪੁਸਤਕਾਂ ਨਾਲ ਸੰਬੰਧਿਤ ਹੋਣ। ਪਾਠ ਪੁਸਤਕ ਅਧਿਆਪਕ ਅਤੇ ਵਿਦਿਆਰਥੀਆਂ ਲਈ ਹਵਾਲਾ ਪੁਸਤਕ (reference book) ਦਾ ਕੰਮ ਕਰ ਸਕੇ। ਇਹ ਪੜ੍ਹਾਉਣ ਲਈ ਸਹਾਇਕ ਹੋਵੇ ਪਰ ਇਸ ਦਾ ਇਹ ਭਾਵ ਨਹੀਂ ਕਿ ਸਭ ਕੁਝ ਉਹੀ ਦੱਸੇ ਜੋ ਪਾਠ ਵਿਚ ਲਿਖਿਆ ਹੋਵੇ। ਵੱਡੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਪਾਠ ਪੁਸਤਕ ਤੋਂ ਬਿਨਾਂ ਉਚੇਰਾ ਗਿਆਨ ਦੇਣਾ ਚਾਹੀਦਾ ਹੈ। ਇਸ ਲਈ ਅਧਿਆਪਕ ਜੇ ਉਹ ਆਪਣੇ ਪਾਠ ਲਈ ਹੋਰ ਪੁਸਤਕਾਂ ਅਤੇ ਹੋਰ ਹਵਾਲਾ ਪੁਸਤਕਾਂ ਵੀ ਪੜ੍ਹੇ ਤਾਂ ਉਸ ਦਾ ਚੰਗਾ ਪ੍ਰਭਾਵ ਪੈ ਸਕਦਾ ਹੈ। ਅਧਿਆਪਕ ਪੁਸਤਕ ਵਿਚ ਦਿੱਤੇ ਗਏ ਤੱਥਾਂ ਬਾਰੇ ਆਪਣੀ ਰਾਇ ਵੀ ਦੱਸਦਾ ਹੈ। ਪਾਠ ਪੁਸਤਕ ਅਧਿਆਪਕ ਦੇ ਹੱਥ ਵਿਚ ਇਕ ਸੰਦ (tool) ਹੈ।

6. **ਸ਼ਬਦਾਵਲੀ ਸਰਲ ਤੇ ਢੁੱਕਵੀਂ (Simple and Suitable Vocabulary) :** ਸਮਾਜਿਕ ਅਧਿਐਨ ਦੀ ਪਾਠ ਪੁਸਤਕ

ਦੀ ਸ਼ਬਦਾਵਲੀ ਸਰਲ ਅਤੇ ਢੁੱਕਵੀਂ ਹੋਣੀ ਚਾਹੀਦੀ ਹੈ। ਇਸ ਦੀ ਭਾਸ਼ਾ ਸੌਖੀ ਅਤੇ ਜਲਦੀ ਸਮਝ ਵਿਚ ਆ ਜਾਣ ਵਾਲੀ ਹੋਣੀ ਚਾਹੀਦੀ ਹੈ। ਛੋਟੀਆਂ ਜਮਾਤਾਂ ਦੀ ਪਾਠ ਪੁਸਤਕ ਵਿਚ ਸਾਧਾਰਨੀਕਰਨ (generalization) ਜਾਂ ਭਾਵ ਵਾਚਕ ਸਿਧਾਂਤ (abstract concept) ਦੀ ਵਰਤੋਂ ਨਾ ਕੀਤੀ ਜਾਵੇ, ਪਰ ਵੱਡੀਆਂ ਜਮਾਤਾਂ ਦੀ ਪਾਠ ਪੁਸਤਕ ਵਿਚ ਸਾਧਾਰਨੀਕਰਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਸੋਚ ਵਿਚਾਰ ਨੂੰ ਕਾਫੀ ਥਾਂ ਦੇਣੀ ਚਾਹੀਦੀ ਹੈ। ਸਮਾਜਿਕ ਅਧਿਐਨ ਪਾਠ ਪੁਸਤਕ ਦੇ ਲੇਖਕ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਕੋਈ ਸਾਹਿਤ ਜਾਂ ਭਾਸ਼ਾ ਦੀ ਪੁਸਤਕ ਨਹੀਂ ਹੈ ਸਗੋਂ ਇਤਿਹਾਸਿਕ ਅਤੇ ਭੂਗੋਲਿਕ ਤੱਥਾਂ ਨੂੰ ਸਰਲ ਅਤੇ ਢੁੱਕਵੀਂ ਭਾਸ਼ਾ ਵਿਚ ਬਿਆਨ ਕਰਨ ਵਾਲੀ ਪੁਸਤਕ ਹੈ।

**7. ਪਾਠ ਪੁਸਤਕ ਚਿੱਤਰਾਂ ਨਾਲ ਭਰੀ ਹੋਵੇ (Text Book should be properly Illustrated) :** ਸਮਾਜਿਕ ਅਧਿਐਨ ਦੀ ਪਾਠ ਪੁਸਤਕ ਵਿਚ ਮਹਾਨ ਇਤਿਹਾਸਿਕ ਘਟਨਾਵਾਂ, ਰਣਖੇਤਰਾਂ ਦੇ ਚਿੱਤਰ, ਰਾਜ ਖੇਤਰਾਂ ਦੀਆਂ ਸੀਮਾਵਾਂ, ਨਕਸ਼ੇ, ਪਹਾੜਾਂ ਦੀਆਂ ਕਿਸਮਾਂ ਦੇ ਚਿੱਤਰ, ਪੰਚਾਇਤ ਘਰਾਂ ਅਤੇ ਨਗਰਪਾਲਿਕਾ ਵਿਧਾਨ ਸਭਾ ਆਦਿਕ ਅਨੇਕਾਂ ਹੀ ਵਿਸ਼ਿਆਂ ਨਾਲ ਸੰਬੰਧਿਤ ਚਿੱਤਰ ਹੋਣੇ ਚਾਹੀਦੇ ਹਨ। ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਲਈ ਰੰਗਦਾਰ ਚਿੱਤਰ ਹੋਣੇ ਚਾਹੀਦੇ ਹਨ। ਇਨ੍ਹਾਂ ਚਿੱਤਰਾਂ, ਡਾਇਆਗ੍ਰਾਮਾਂ ਅਤੇ ਨਕਸ਼ਿਆਂ ਤੋਂ ਬਿਨਾਂ ਸਮਾਜਿਕ ਅਧਿਐਨ ਦੀ ਪਾਠ ਪੁਸਤਕ ਚੰਗੀ ਤਰ੍ਹਾਂ ਸਮਝ ਨਹੀਂ ਆ ਸਕਦੀ। ਉਦਾਹਰਨ ਦੇ ਤੌਰ ਤੇ ਇਤਿਹਾਸ ਵਿਚ ਸਿਕੰਦਰ ਤੇ ਪੋਰਸ ਦਾ ਮਿਲਨਾ ਕਾਰਜ ਭਰਪੂਰ ਚਿੱਤਰ ਵਿਚ ਦਿਖਾਇਆ ਜਾ ਸਕਦਾ ਹੈ ਅਤੇ ਭੂਗੋਲ ਵਿਚ ਪਹਾੜਾਂ ਦੀਆਂ ਕਿਸਮਾਂ ਦੇ ਨਾਲ ਵੱਖ ਵੱਖ ਚਿੱਤਰ ਬਣਾਏ ਜਾ ਸਕਦੇ ਹਨ ਪਰ ਚਿੱਤਰ, ਡਾਇਆਗ੍ਰਾਮ, ਨਕਸ਼ੇ, ਕਾਰਜ ਭਰਪੂਰ ਚਿੱਤਰ ਆਦਿ ਵਿਸ਼ਾ ਵਸਤੂ ਨਾਲ ਠੀਕ ਸੰਬੰਧਿਤ ਹੋਣੇ ਚਾਹੀਦੇ ਹਨ।

**8. ਵਿਸ਼ਾ ਵਸਤੂ ਅਧਿਐਨ ਕਾਲਕ੍ਰਮ ਢੰਗ ਨਾਲ ਤਰਤੀਬਿਆ ਹੋਵੇ (Subject matter is arranged in Chronological order) :** ਵਧੀਆ ਪਾਠ ਪੁਸਤਕ ਵਿਚ ਸਭ ਇਤਿਹਾਸਕ ਤੱਥਾਂ ਨੂੰ ਕਾਲਕ੍ਰਮਕ ਢੰਗ ਨਾਲ ਲਿਖਿਆ ਜਾਣਾ ਚਾਹੀਦਾ ਹੈ। ਬੱਚਿਆਂ ਦੀ ਉਮਰ ਅਤੇ ਜਮਾਤ ਦਾ ਧਿਆਂਨ ਰਖਕੇ ਸਾਰੇ ਵਿਸ਼ਾ ਵਸਤੂ ਨੂੰ ਛੋਟੇ ਛੋਟੇ ਭਾਗਾਂ ਵਿਚ ਵੰਡਿਆ ਜਾਵੇ। ਇਸ ਵਿਚ ਸਾਰੇ ਸਮਾਜਿਕ ਅਧਿਐਨ ਨੂੰ ਇਕੋ ਵਾਰ ਦੱਸ ਦੇਣਾ ਠੀਕ ਨਹੀਂ ਹੈ। ਉਦਾਹਰਨ ਦੇ ਤੌਰ ਤੇ ਜੇਕਰ ਅਸੀਂ ਦਸ ਗੁਰੂਆਂ ਬਾਰੇ ਪੂਰੀ ਜਾਣਕਾਰੀ ਦੇਣੀ ਹੈ ਤਾਂ ਇਹ ਨਹੀਂ ਕਿ ਪਹਿਲਾਂ ਦੂਜੇ ਜਾਂ ਤੀਜੇ ਗੁਰੂ ਬਾਰੇ ਦੱਸਿਆ ਜਾਵੇ। ਸੋ ਪਾਠ ਪੁਸਤਕ ਵਿਚ ਵਿਸ਼ਾ ਵਸਤੂ ਨਾਲ ਕ੍ਰਮ ਅਨੁਸਾਰ ਤਰਤੀਬਵਾਰ ਹੋਣਾ ਚਾਹੀਦਾ ਹੈ।

**9. ਵਿਸ਼ਾ ਵਸਤੂ ਮਨੋਭਾਵਕ ਏਕਤਾ ਵਧਾਉਣ ਵਾਲਾ ਹੋਣਾ ਚਾਹੀਦਾ ਹੈ (Subject matter should promote Emotional Integration) :** ਭਾਰਤ ਵਿਚ ਅਨੇਕਾਂ ਧਰਮਾਂ, ਜਾਤਾਂ ਦੇ ਲੋਕ ਰਹਿੰਦੇ ਹਨ ਜਿਹਨਾਂ ਦੀਆਂ ਬੋਲੀਆਂ ਵੱਖ ਵੱਖ, ਪਹਿਰਾਵਾ, ਰੀਤੀ ਰਿਵਾਜ ਵੱਖ ਵੱਖ ਹਨ। ਭਾਰਤ ਇਸ ਸਮੇਂ ਸੰਕਟ ਵਿਚੋਂ ਲੰਘ ਰਿਹਾ ਹੈ। ਇਸ ਲਈ ਕੌਮੀ ਏਕਤਾ ਵਿਕਸਿਤ ਕਰਨ ਉੱਤੇ ਬੜਾ ਜ਼ੋਰ ਦਿੱਤਾ ਜਾ ਰਿਹਾ ਹੈ। ਇਕ ਚੰਗੀ ਸਮਾਜਿਕ ਅਧਿਐਨ ਪੁਸਤਕ ਵਿਚ ਇਤਿਹਾਸਿਕ, ਭੂਗੋਲਿਕ ਅਤੇ ਨਾਗਰਿਕ ਤੱਥਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾਵੇ ਕਿ ਉਹ ਦੇਸ਼ ਵਿਚ ਪਏ ਹੋਏ ਵਖਰੇਵੇਂ (Differences) ਨੂੰ ਖਤਮ ਕਰਨ ਦਾ ਕੰਮ ਕਰਨ। ਪਾਠ ਪੁਸਤਕ ਵਿਚ ਭਾਰਤੀ ਸਭਿਆਚਾਰ ਨੂੰ ਅਜਿਹੇ ਢੰਗ ਨਾਲ ਪੇਸ਼ ਕੀਤਾ ਜਾਵੇ ਕਿ ਸਭ ਵਿਦਿਆਰਥੀ ਉਸ ਉੱਤੇ ਜਾਣ ਅਨੁਭਵ ਕਰਨ ਅਤੇ ਕੌਮੀ ਏਕਤਾ ਨੂੰ ਸਮਝਣ। ਪਾਠ ਪੁਸਤਕ ਭਾਰਤ ਦੇ ਵਿਰਸੇ ਨੂੰ ਇਸ ਤਰ੍ਹਾਂ ਪੇਸ਼ ਕਰੇ ਕਿ ਉਸ ਨੂੰ ਪੜ੍ਹੇ ਤੇ ਵਿਦਿਆਰਥੀਆਂ ਦੇ ਮਨਾਂ ਵਿਚ ਮਨੋਭਾਵਕ ਏਕਤਾ ਵਿਕਸਿਤ ਹੋਵੇ।

**10. ਲੇਖਕ ਪੂਰੀ ਤਰ੍ਹਾਂ ਸੁਯੋਗ ਅਤੇ ਕਾਫੀ ਪ੍ਰਸਿੱਧ ਹੋਵੇ (Author should be well qualified and a man of repute) :** ਸਮਾਜਿਕ ਅਧਿਐਨ ਪਾਠ ਪੁਸਤਕ ਦਾ ਲੇਖਕ ਪੂਰੀ ਤਰ੍ਹਾਂ ਨਾਲ ਸੁਯੋਗ ਅਤੇ ਵਿਦਵਾਨ ਹੋਣਾ ਚਾਹੀਦਾ ਹੈ। ਲੇਖਕ ਨੂੰ ਪੜ੍ਹਾਉਣਾ ਦਾ ਤਜਰਬਾ ਹੋਣਾ ਚਾਹੀਦਾ ਹੈ। ਉਹ ਭਾਰਤੀ ਹਾਲਤ ਅਤੇ ਆਪਣੇ ਰਾਜ (State) ਦੇ ਸਕੂਲਾਂ ਦੇ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਉਹ ਸਿਲੇਬਸ ਅਤੇ ਵਿਦਿਆਰਥੀਆਂ ਦੀਆਂ ਰੁਚੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ।

**11. ਸੂਚੀ (Index) :** ਚੰਗੀ ਪਾਠ ਪੁਸਤਕ ਦੇ ਅੰਤ ਵਿਚ ਸੂਚੀ ਦਾ ਹੋਣਾ ਤੇ ਵਰਣਮਾਲਾ ਵੀ ਤਰਤੀਬ ਅਨੁਸਾਰ ਹੋਣੀ ਚਾਹੀਦੀ ਹੈ। ਇਸ ਨਾਲ ਵਿਦਿਆਰਥੀਆਂ ਨੂੰ ਲੋੜੀਂਦੀ ਅਤੇ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਨ ਵਿਚ ਆਸਾਨੀ ਹੁੰਦੀ ਹੈ।

**12. ਤੱਤਕਰਾ (Contents) :** ਪਾਠ ਪੁਸਤਕ ਦਾ ਤੱਤਕਰਾ ਦੇਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਪਾਠ ਨੂੰ

ਆਸਾਨੀ ਨਾਲ ਲੱਭ ਸਕਣ ਕਿ ਕਿਹੜੇ ਪੰਨੇ ਉੱਤੇ ਕਿਹੜਾ ਅਧਿਆਇ ਹੈ।

**13. ਯੋਗ ਕੀਮਤ (Reasonable Price) :** ਪਾਠ ਪੁਸਤਕ ਦੀ ਕੀਮਤ ਯੋਗ ਹੋਣੀ ਚਾਹੀਦੀ ਹੈ, ਜ਼ਿਆਦਾ ਨਹੀਂ ਹੋਣੀ ਚਾਹੀਦੀ ਤਾਂ ਜੋ ਸਾਰੇ ਵਿਦਿਆਰਥੀ ਖਰੀਦ ਸਕਣ।

**14. ਹਰ ਇਕ ਅਧਿਆਇ ਦੇ ਅੰਤ ਵਿਚ ਪ੍ਰਸ਼ਨਾਵਲੀ (Assignment Question at the end of every Chapter) :** ਸਮਾਜਿਕ ਅਧਿਐਨ ਦੀ ਪਾਠ ਪੁਸਤਕ ਦੇ ਹਰੇਕ ਅਧਿਆਇ ਦੇ ਅੰਤ ਵਿਚ ਪ੍ਰਸ਼ਨਾਵਲੀ ਹੋਣੀ ਚਾਹੀਦੀ ਹੈ ਅਤੇ ਇਸ ਵਿਚ ਪ੍ਰਸ਼ਨ ਪੜ੍ਹੇ ਹੋਏ ਵਿਸ਼ਾ ਵਸਤੂ ਦੀ ਚੰਗੀ ਤਰ੍ਹਾਂ ਦੁਹਰਾਈ ਕਰਨ ਵਾਲੇ ਹੋਣ ਜਿਵੇਂ ਖਾਲੀ ਥਾਵਾਂ ਭਰਨ, ਪ੍ਰਸ਼ਨ ਆਦਿਕ ਹੋਣੇ ਚਾਹੀਦੇ ਹਨ।

ਸੋ ਚੰਗੀ ਪਾਠ ਪੁਸਤਕ ਉਹੀ ਹੋ ਸਕਦੀ ਹੈ ਜਿਸ ਵਿਚ ਉਪਰੋਕਤ ਗੁਣ ਹੋਣ।

**2.2.7 ਪਾਠ ਪੁਸਤਕ ਦੀ ਚੋਣ (Selection of Text Book) :**

ਜਿਵੇਂ ਘੋੜ ਸਵਾਰ ਦੀ ਜਿੱਤ ਜਾਂ ਹਾਰ ਉਸ ਦੀ ਕਲਾ ਦੇ ਨਾਲ ਨਾਲ ਬਹੁਤ ਕਰਕੇ ਉਸ ਦੀ ਘੋੜੇ ਸੰਬੰਧੀ ਚੋਣ ਉੱਤੇ ਨਿਰਭਰ ਕਰਦੀ ਹੈ, ਭਾਵੇਂ ਉਹ ਘੋੜੇ ਸਵਾਰੀ ਵਿਚ ਕਿੰਨਾ ਮਾਹਿਰ ਕਿਉਂ ਨਾ ਹੋਵੇ, ਅਥਰਾ ਤੇ ਨਿਕੰਮਾ ਘੋੜਾ ਉਸ ਨੂੰ ਸਾਰਾ ਰਸਤਾ ਤੰਗ ਕਰਦਾ ਰਹੇਗਾ, ਨਾਲ ਆਪ ਦੁਖੀ ਹੋਵੇਗਾ ਤੇ ਨਾਲ ਸਵਾਰ ਨੂੰ ਦੁਖੀ ਕਰੇਗਾ। ਇਸੇ ਤਰ੍ਹਾਂ ਹੀ ਚੰਗੀ ਪਾਠ ਪੁਸਤਕ ਅਧਿਆਪਕ ਨੂੰ ਟੀਚੇ ਤੱਕ ਪਹੁੰਚਣ ਵਿਚ ਸਹਾਇਕ ਹੋਵੇਗੀ ਤੇ ਮਾੜੀ ਪਾਠ ਪੁਸਤਕ ਉਸ ਦੀ ਕਾਮਯਾਬੀ ਵਿਚ ਰੋੜਾ ਅਟਕਾਏਗੀ। ਇਸ ਲਈ ਹਰ ਅਧਿਆਪਕ ਦਾ ਫਰਜ਼ ਹੈ ਕਿ ਉਹ ਚੰਗੀ ਪਾਠ ਪੁਸਤਕ ਦੀ ਚੋਣ ਕਰੇ ਤੇ ਚੋਣ ਕਰਨ ਲੱਗਿਆਂ ਹੇਠ ਲਿਖੀਆਂ ਹਦਾਇਤਾਂ ਆਪਣੇ ਧਿਆਨ ਵਿਚ ਰੱਖੋ :

1. ਸਭ ਤੋਂ ਪਹਿਲੀ ਗੱਲ ਹੈ ਕਿ ਪਾਠ ਪੁਸਤਕ ਉਸ ਲੇਖਕ ਦੀ ਨਾ ਹੋਵੇ ਜਿਸ ਨੇ ਵਿਸ਼ਾ ਪੜ੍ਹਾਇਆ ਹੀ ਨਹੀਂ ਸਗੋਂ ਉਸ ਦੀ ਹੋਵੇ ਜੋ ਵਿਸ਼ੇ ਨੂੰ ਪੜ੍ਹਾਉਂਦਾ ਵੀ ਹੈ। ਚੰਗੀ ਪਾਠ ਪੁਸਤਕ ਦੀ ਰਚਨਾ ਉਹੀ ਕਰ ਸਕਦਾ ਹੈ ਜਿਹੜਾ ਵਿਸ਼ਾ ਪੜ੍ਹਾਉਂਦਾ ਹੈ।

2. ਚੰਗੀ ਪਾਠ ਪੁਸਤਕ ਉਹ ਹੈ ਜਿਹੜੀ ਵਿਸ਼ੇ ਦੇ ਨਾਲ ਨਾਲ ਵਿਸ਼ੇ ਦੀ ਤਰਤੀਬ ਨੂੰ ਸਾਹਮਣੇ ਰੱਖਦੀ ਹੈ। ਅੰਤ ਵਿਚ ਪ੍ਰਸ਼ਨ ਵੀ ਹੋਣ ਤੇ ਵਧੇਰੇ ਪੜ੍ਹਨ ਲਈ ਸੰਕੇਤ ਲਿਖੇ ਹੋਣ।

3. ਮਨੁੱਖ ਸਾਰੇ ਸਰੀਰ ਨਾਲੋਂ ਸੁਹਣਾ ਆਪਣੇ ਮੂੰਹ ਨੂੰ ਬਣਾਉਂਦਾ ਹੈ ਤਾਂ ਜੋ ਉਹ ਸੁਹਣਾ ਲੱਗੇ ਤੇ ਲੋਕੀਂ ਉਸ ਦੀ ਕਦਰ ਕਰਨ। ਪਾਠ ਪੁਸਤਕ ਦਾ ਦਿਖ ਵੀ ਸੋਹਣੀ ਹੋਣੀ ਚਾਹੀਦੀ ਹੈ। ਖੂਬਸੂਰਤ, ਸੋਹਣੀ ਜਿਲਦ, ਸ਼ੁੱਧ ਛਪਾਈ, ਕਾਗਜ਼, ਤਸਵੀਰਾਂ ਨਕਸ਼ੇ, ਗਰਾਫ ਆਦਿ ਚੰਗੀ ਪਾਠ ਪੁਸਤਕ ਦੇ ਗਹਿਣੇ ਹਨ।

4. ਪਾਠ ਪੁਸਤਕ ਪੂਰਨ ਤੌਰ ਤੇ ਵਿਸਤਾਰਪੂਰਵਕ ਹੋਣੀ ਚਾਹੀਦੀ ਹੈ। ਇਸ ਵਿਚ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਜੋ ਕੁਝ ਦਿੱਤਾ ਗਿਆ ਹੈ, ਉਸ ਨੂੰ ਵਿਸਥਾਰ ਨਾਲ ਦੱਸਿਆ ਜਾਣਾ ਚਾਹੀਦਾ ਹੈ।

5. ਪੁਸਤਕ ਕੇਵਲ ਪੜ੍ਹਨ ਲਈ ਨਹੀਂ ਸਗੋਂ ਕੁਝ ਕਰਨ ਲਈ ਵੀ ਹੋਣੀ ਚਾਹੀਦੀ ਹੈ। ਕ੍ਰਿਆਤਮਿਕ ਅਤੇ ਰਚਨਾਤਮਿਕ ਕੰਮ ਸੰਬੰਧੀ ਇਸ਼ਾਰੇ ਪੁਸਤਕ ਵਿਚੋਂ ਪ੍ਰਾਪਤ ਹੋਣ। ਸੈਰ ਸਪਾਟੇ, ਮਾਡਲ ਚਾਰਟ ਬਣਾਉਣ, ਰੇਖਾ ਚਿੱਤਰ ਖਿੱਚਣਾ ਨਕਸ਼ੇ ਭਰਨ ਆਦਿ ਕ੍ਰਿਆਵਾਂ ਵੀ ਕਾਫੀ ਮਾਤਰਾ ਵਿਚ ਮਿਲਣੀਆਂ ਚਾਹੀਦੀਆਂ ਹਨ।

6. ਪਾਠ ਪੁਸਤਕ ਦੀ ਚੋਣ ਸਮੇਂ ਬੱਚਿਆਂ ਦਾ ਝੁਕਾਅ, ਰੁਚੀਆਂ ਅਤੇ ਉਨ੍ਹਾਂ ਦੀ ਬੌਧਿਕ ਪੱਧਰ ਆਦਿ ਨੂੰ ਮੁੱਖ ਰੱਖਿਆ ਜਾਵੇ।

7. ਜੇਕਰ ਹੋ ਸਕੇ ਤਾਂ ਇਕਾਈ ਵਿਧੀ (unit method) ਅਨੁਸਾਰ ਲਿਖੀਆਂ ਪੁਸਤਕਾਂ ਦੀ ਚੋਣ ਕਰਨੀ ਚਾਹੀਦੀ ਹੈ।

ਸਮਾਜਿਕ ਅਧਿਐਨ ਵਿਚ ਪਾਠ ਪੁਸਤਕਾਂ ਦੀ ਬਹੁਤ ਹੀ ਜ਼ਰੂਰਤ ਅਤੇ ਮਹੱਤਤਾ ਹੈ, ਪਾਠ ਪੁਸਤਕ ਦੀ ਚੋਣ ਕਰਨੀ ਅਧਿਆਪਕ ਦੀ ਜ਼ਿੰਮੇਵਾਰੀ ਹੈ। ਅਧਿਆਪਕ ਨੂੰ ਪਾਠ ਪੁਸਤਕ ਦੀ ਚੋਣ ਕਰਨ ਵੇਲੇ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਚੋਣ ਗਲਤ ਨਾ ਹੋ ਜਾਵੇ। ਪਾਠ ਪੁਸਤਕਾਂ ਲਗਭਗ ਤਿੰਨ ਕਿਸਮ ਦੀਆਂ ਹੁੰਦੀਆਂ ਹਨ। ਚੰਗੀ ਪਾਠ ਪੁਸਤਕ ਦੇ ਕੁਝ ਖਰਾਬ ਗੁਣ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਸਮਾਜਿਕ ਅਧਿਐਨ ਪਾਠ ਪੁਸਤਕ ਵਿਚ ਕੁਝ ਕੁ ਤਰੁੱਟੀਆਂ ਵੀ ਹੋ ਸਕਦੀਆਂ ਹਨ ਜਿਹਨਾਂ ਦੀ ਸੋਧ ਅਧਿਆਪਕ ਨੂੰ ਕਰਨੀ ਚਾਹੀਦੀ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਪੜ੍ਹਾਉਣ ਤੋਂ ਪਹਿਲਾਂ ਪਾਠ ਪੁਸਤਕ ਦਾ ਆਪ ਅਧਿਐਨ ਕਰੇ। ਸਮਾਜਿਕ ਅਧਿਐਨ ਸਦਾ ਤਬਦੀਲ ਹੋਣ ਵਾਲੀ ਵਿਧੀ ਹੈ।

ਇਸ ਦੀਆਂ ਪਾਠ ਪੁਸਤਕਾਂ ਦੇ ਲੇਖਕਾਂ ਨੂੰ ਹਰ ਨਵੀਂ ਤਬਦੀਲੀ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

**2.2.8 ਸਾਰ :**

ਸਮਾਜਿਕ ਸ਼ਾਸ਼ਤਰ ਵਿਚ ਪਾਠ ਪੁਸਤਕ ਬਹੁਤ ਹੀ ਜ਼ਰੂਰੀ ਹਨ ਅਤੇ ਪਾਠ ਪੁਸਤਕ ਦੀ ਚੋ ਕਰਨੀ ਅਧਿਆਪਕ ਦੀ ਜ਼ਿੰਮੇਵਾਰੀ ਹੈ। ਪਾਠ ਪੁਸਤਕਾਂ ਤੋਂ ਬਿਨਾ ਸਿੱਖਿਆ ਦੇਣੀ ਅਸੰਭਵ ਹੈ। ਚੰਗੀਆਂ ਪਾਠ ਪੁਸਤਕਾਂ ਅਧਿਆਪਕ ਨੂੰ ਆਪਣੇ ਟੀਚੇ ਤੱਕ ਪਹੁੰਚਣ ਵਿਚ ਸਹਾਇਕ ਹੁੰਦੀਆਂ ਹਨ।

**2.2.9 ਮੁੱਖ ਨੁਕਤੇ :-**

-ਪਾਠ ਪੁਸਤਕਾਂ ਦੀ ਕਿਸਮਾਂ

-ਪਾਠ ਪੁਸਤਕਾਂ ਦੀ ਮਹੱਤਤਾ

-ਸਮਾਜਿਕ ਅਧਿਐਨ ਦੀ ਪਾਠ ਪੁਸਤਕ

**2.2.10 ਸਵੈ-ਮੁਲਾਂਕਣ ਅਭਿਆਸ :-**

1. ਪਾਠ ਪੁਸਤਕਾਂ ਦੀਆਂ ..........ਕਿਸਮਾਂ ਹਨ।
2. ਪਾਠ ਪੁਸਤਕਾਂ ਦੀ ਭਾਸ਼ਾ ...........ਹੋਣੀ ਚਾਹੀਦੀ ਹੈ।
3. ਪਾਠ ਪੁਸਤਕ ਦੀ ਚੋਣ ਕਰਦੇ ਸਮੇ ਬੱਚੇ ਦੇ ..........ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਉੱਤਰ :- 1. ਤਿੰਨ 2. ਸਾਦੀ ਤੇ ਸਰਲ 3. ਬੋਧਿਕ ਪੱਧਰ ਤੇ ਰੁਚੀ

**2.2.11 ਸੁਝਾਏ ਪ੍ਰਸ਼ਨ**

1. ਪਾਠ ਪੁਸਤਕ ਤੋਂ ਤੁਹਾਡਾ ਕੀ ਭਾਵ ਹੈ। ਇਸ ਵਿਚ ਕਿਹੜੇ ਗੁਣ ਹੋਣੇ ਚਾਹੀਦੇ ਹਨ ?
2. ਸਮਾਜਿਕ ਅਧਿਐਨ ਵਿਸ਼ੇ ਵਿਚ ਪਾਠ ਪੁਸਤਕ ਦਾ ਕੀ ਸਥਾਨ ਹੈ ?
3. ਪਾਠ ਪੁਸਤਕ ਦੀ ਚੋਣ ਤੇ ਸੰਖੇਪ ਨੋਟ ਲਿਖੋ।

**2.2.12 ਸੁਝਾਈਆਂ ਪੁਸਤਕਾਂ :-**

1. Sandhu, P.K. (2003) : Teaching of Social Studies (Punjabi)
2. Kochhar, S.K. : Teaching of Social Studies (English)
3. Aggarwal, J.C. (1997) : Teaching of Social Studies A Practical Approach (English)
4. Manjeet Kaur & Gurmeet Singh(2004) : Teaching of Social Studies (English)

**ਬੀ.ਐਡ. ਭਾਗ ਪਹਿਲਾ** **ਪਰਚਾ ਚੌਥਾ ਅਤੇ ਪੰਜਵਾਂ (ਆਪਸ਼ਨ *XII*)**

**ਆਪਸ਼ਨ : ਟੀਚਿੰਗ ਆਫ਼ ਸੋਸ਼ਲ ਸਟੱਡੀਜ਼**

**ਸਮਾਜਿਕ ਅਧਿਐਨ ਅਧਿਆਪਕ : ਗੁਣ ਤੇ ਰੋਲ**

---

**ਪਾਠ ਨੰਬਰ : 2.3** **ਲੇਖਕ : ਡਾ. ਪਰਮਜੀਤ ਕੌਰ ਸੰਧੂ**

---

**2.3.1 ਉਦੇਸ਼**

**2.3.2 ਭੂਮਿਕਾ**

**2.3.3 ਸਮਾਜਿਕ ਅਧਿਐਨ ਅਧਿਆਪਕ ਦੇ ਗੁਣ**

**2.3.4 ਸਮਾਜਿਕ ਅਧਿਐਨ ਅਧਿਆਪਕ ਦੇ ਰੋਲ ਅਤੇ ਕਾਰਜ**

**2.3.5 ਸਾਰ**

**2.3.6 ਮੁੱਖ ਨੁਕਤੇ**

**2.3.7 ਸਵੈ-ਮੁਲਾਂਕਣ ਅਭਿਆਸ**

**2.3.8 ਸੁਝਾਏ ਪ੍ਰਸ਼ਨ**

**2.3.9 ਸੁਝਾਈਆਂ ਪੁਸ਼ਤਕਾਂ**

**2.3.1 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣਯੋਗ ਹੋ ਜਾਣਗੇ ਕਿ

- ਸਮਾਜਿਕ ਅਧਿਐਨ ਅਧਿਆਪਕ ਦੇ ਕੀ ਗੁਣ ਹਨ।
- ਸਮਾਜਿਕ ਅਧਿਐਨ ਅਧਿਆਪਕ ਦੇ ਰੋਲ ਅਤੇ ਕੀ ਕਾਰਜ ਹਨ।

**2.3.2 ਭੂਮਿਕਾ**

ਅਧਿਆਪਕ ਕੌਮ ਦਾ ਉਸਰਈਆ ਹੁੰਦਾ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਠੀਕ ਹੀ ਕਿਹਾ ਹੈ, ਸਮਾਜ ਵਿਚ ਅਧਿਆਪਕ ਦਾ ਸਥਾਨ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੈ। ਉਹ ਇਕ ਪੀੜੀ ਤੋਂ ਦੂਜੀ ਪੀੜੀ ਤੱਕ ਬੌਧਿਕ ਪਰੰਪਰਾਵਾਂ ਅਤੇ ਤਕਨੀਕੀ ਯੋਗਤਾ ਪਹੁੰਚਾਉਣ ਵਿਚ ਕੇਂਦਰੀ ਕਰਤੱਵ ਨਿਭਾਉਂਦਾ ਹੈ ਅਤੇ ਸਭਿਅਤਾ ਦੇ ਦੀਵੇ ਨੂੰ ਰੋਸ਼ਨ ਕਰਨ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ ਸਿੱਖਿਆ ਪ੍ਰਣਾਲੀ ਵਿਚ ਅਧਿਆਪਕ ਦਾ ਮਹੱਤਵਪੂਰਨ ਸਥਾਨ ਹੈ। ਸਿੱਖਿਆ ਸਮੱਗਰੀ ਪਾਠ-ਪੁਸਤਕਾਂ ਅਤੇ ਪੜ੍ਹਾਉਣ ਦੀਆਂ ਵਿਧੀਆਂ ਭਾਵੇਂ ਕਿੰਨੀਆਂ ਵਧੀਆ ਹੋਣ, ਅਧਿਆਪਕ ਬਿਨਾਂ ਇਹਨਾਂ ਦਾ ਕੋਈ ਲਾਭ ਨਹੀਂ ਹੁੰਦਾ। ਅਧਿਆਪਕ ਸਿੱਖਿਆ ਦੀ ਸਫਲਤਾ ਦਾ ਇਕ ਧੁਰਾ (pivot) ਹੈ। ਅੱਜ ਦੇ ਯੁੱਗ ਵਿਚ ਸਾਡੇ ਸਮਾਜ ਦੀ ਪੁਨਰ-ਉਸਾਰੀ ਹੋ ਰਹੀ ਹੈ, ਅਧਿਆਪਕ ਦੇ ਕੰਮ ਅਤੇ ਮਹੱਤਵ ਵਿਚ ਹੋਰ ਵਾਧਾ ਹੋ ਗਿਆ ਹੈ। ਅਧਿਆਪਕ ਸਿੱਖਿਆ-ਕ੍ਰਮ ਬਣਾਉਂਦੇ ਹਨ ਅਤੇ ਪੜ੍ਹਾਉਣ ਦੀਆਂ ਵਿਧੀਆਂ ਸੁਣਦੇ ਹਨ। ਉਹ ਆਪਣੇ ਚਰਿੱਤਰ ਅਤੇ ਵਿਹਾਰ ਨਾਲ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ। ਹਰ ਅਧਿਆਪਕ ਆਪਣੇ ਵਿਸ਼ੇ ਵਿਚ ਮਾਹਿਰ ਹੋਣਾ ਚਾਹੀਦਾ ਹੈ। ਇੰਡੀਅਨ ਐਜੂਕੇਸ਼ਨ ਕਮਿਸ਼ਨ ਨੇ ਕਿਹਾ ਹੈ ਕਿ ਗੁਣਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕ ਨੂੰ ਕਿੱਤਈ ਸਿੱਖਿਆ ਦੇਣ ਲਈ ਮਹੱਤਵਪੂਰਨ ਪ੍ਰੋਗਰਾਮ ਜ਼ਰੂਰੀ ਹੈ। According to Indian Education Commission (1964-66) “A sound programme of professional education of teachers are essential for the qualitative improvement of education.” ਪ੍ਰੋ. ਹੁਮਾਯੂ ਕਬੀਰ ਨੇ ਕਿਹਾ ਹੈ ਕਿ ਚੰਗੇ ਅਧਿਆਪਕਾਂ ਤੋਂ ਬਿਨਾਂ ਚੰਗੀ ਵਿਦਿਅਕ ਪ੍ਰਣਾਲੀ ਵੀ ਅਸਫ਼ਲ ਹੋ ਜਾਂਦੀ ਹੈ।

ਕਿਸੇ ਵੀ ਵਿਦਿਅਕ ਪ੍ਰਣਾਲੀ ਵਿਚ ਅਧਿਆਪਕ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਅਧਿਆਪਕ ਦੇ ਚਾਰੇ ਪਾਸੇ ਹੀ ਸਮੁੱਚੀ ਸਿੱਖਿਆ ਘੁੰਮਦੀ ਹੈ। ਅਧਿਆਪਕ ਨੇ ਹੀ ਵਿਦਿਆਰਥੀਆਂ ਨੂੰ ਅਗਿਆਨਤਾ ਤੋਂ ਗਿਆਨ ਵੱਲ ਲੈ ਜਾਣਾ ਹੁੰਦਾ ਹੈ। ਸਮਾਜ ਵਿਚ ਸਿੱਖਿਆ ਦਾ ਪਸਾਰ ਅਧਿਆਪਕਾਂ ਦੇ ਗੁਣਾਂ ਤੇ ਨਿਰਭਰ ਕਰਦਾ ਹੈ ਅਤੇ ਅਧਿਆਪਕ ਨੇ ਗੁਣ ਉਸ ਦੀ ਸਿਖਲਾਈ ਤੇ ਨਿਰਭਰ ਕਰਦੇ ਹਨ। ਸੈਕੰਡਰੀ ਐਜੂਕੇਸ਼ਨ ਨੇ ਠੀਕ ਹੀ ਕਿਹਾ ਹੈ ਕਿ, ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਪ੍ਰਸਤਾਵਤ ਸਿੱਖਿਆ ਪੁਨਰ-ਨਿਰਮਾਣ ਵਿਚ ਵੱਧ ਤੋਂ ਵੱਧ ਮਹੱਤਵਪੂਰਨ ਤੱਤ ਅਧਿਆਪਕ ਹੈ। ਉਸ ਦੇ ਵਿਅਕਤੀਤਵ ਗੁਣ, ਉਸ

ਦੀਆਂ ਵਿਦਿਅਕ ਯੋਗਤਾਵਾਂ, ਉਸ ਦੀ ਕਿਤੱਈ ਸਿਖਲਾਈ, ਸਕੂਲ ਅਤੇ ਸਮਾਜ ਵਿਚ ਉਸ ਦਾ ਸਥਾਨ ਬਹੁਤ ਹੀ ਮਹੱਤਵਪੂਰਨ ਹਨ। ਇਸ ਲਈ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਅਧਿਆਪਕਾਂ ਨੂੰ ਸਭ ਤੋਂ ਵਧੀਆ ਕਿੱਤਈ ਸਿੱਖਿਆ ਦੇਣੀ ਚਾਹੀਦੀ ਹੈ। ਸਮਾਜਿਕ ਵਿਗਿਆਨ ਦੇ ਅਧਿਆਪਕ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਉਸ ਨੇ ਅਤੀਤ ਨੂੰ ਵਰਤਮਾਨ ਨਾਲ ਬੜੇ ਸੁਚੱਜੇ ਢੰਗ ਨਾਲ ਜੋੜਨਾ ਹੈ ਤੇ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨਾ ਹੈ। ਇਹ ਹੋਰ ਵੀ ਜ਼ਰੂਰੀ ਇਸ ਕਾਰਨ ਕਰਕੇ ਹੈ ਕਿਉਂਕਿ ਸਾਇੰਸ ਦੀ ਖੋਜ ਦੇ ਕਾਰਨ ਦੁਨੀਆਂ ਦਾ ਘੇਰਾ ਸੁੰਘੜ ਰਿਹਾ ਹੈ ਤੇ ਹੁਣ ਘੱਟ ਸਮੇਂ ਵਿਚ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਪਹੁੰਚਿਆ ਜਾ ਸਕਦਾ ਹੈ। ਜਿਸ ਦੇ ਕਾਰਨ ਸਮਾਜਿਕ ਤਬਦੀਲੀਆਂ ਦੀ ਗਤੀ ਵੀ ਤੇਜ਼ ਹੁੰਦੀ ਹੈ। ਇਸ ਲਈ ਉਸ ਨੂੰ ਭਾਰਤੀ ਦੇ ਦੁਨਿਆਵੀ ਸਮੱਸਿਆਵਾਂ ਨੂੰ ਸਮਝਣ ਲਈ ਲਗਾਤਾਰ ਚੇਤੰਨ ਰਹਿਣਾ ਪੈਂਦਾ ਹੈ।

### 2.3.3 ਸਮਾਜਿਕ ਅਧਿਐਨ ਅਧਿਆਪਕ ਦੇ ਗੁਣ (Qualities of a Social Studies Teacher)

ਸਮਾਜਿਕ ਅਧਿਐਨ ਸਕੂਲ ਵਿਚ ਪੜ੍ਹਾਉਣ ਦੇ ਅਨੇਕਾਂ ਉਦੇਸ਼ ਹਨ। ਇਹਨਾਂ ਉਦੇਸ਼ਾਂ ਦੀ ਪੂਰਤੀ ਸਮਾਜਿਕ ਅਧਿਐਨ ਦੇ ਅਧਿਆਪਕ ਨੇ ਪੂਰੀ ਕਰਨੀ ਹੁੰਦੀ ਹੈ। ਸਮਾਜਿਕ ਅਧਿਐਨ ਬੜਾ ਵਿਸ਼ਾਲ ਹੈ। ਇਹ ਵਿਗਿਆਨ ਵੀ ਹੈ ਅਤੇ ਕਲਾ ਵੀ। ਇਸ ਲਈ ਇਸ ਨੂੰ ਪੜ੍ਹਾਉਣ ਲਈ ਚੰਗੇ ਗੁਣਾਂ ਅਤੇ ਚੰਗੀ ਯੋਗਤਾ ਵਾਲੇ ਅਧਿਆਪਕ ਦੀ ਜ਼ਰੂਰਤ ਹੁੰਦੀ ਹੈ। ਸਕੂਲਾਂ ਵਿਚ ਜਿੰਨਾ ਵਿਗਿਆਨ ਮਹੱਤਵਪੂਰਨ ਵਿਸ਼ਾ ਹੈ, ਉਤਨਾ ਹੀ ਸਮਾਜਿਕ ਅਧਿਐਨ ਵੀ ਹੈ। ਇਸ ਵਿਸ਼ੇ ਦੀ ਮਹਾਨਤਾ ਬਾਕੀ ਵਿਸ਼ਿਆਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਬਲਕਿ ਅੱਜ ਦੇ ਸਮੇਂ ਅਨੁਸਾਰ ਜ਼ਿਆਦਾ ਹੈ। ਇਸ ਲਈ ਸਮਾਜਿਕ ਅਧਿਐਨ ਦੇ ਅਧਿਆਪਕਾਂ ਦੀ ਸਿਖਲਾਈ ਅਤੇ ਯੋਗਤਾ ਪੂਰਨ ਹੋਣੀ ਚਾਹੀਦੀ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਵਿਚ ਹੇਠ ਲਿਖੇ ਗੁਣ ਅਤੇ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ :

## 1. ਵਿਦਿਅਕ ਯੋਗਤਾਵਾਂ (Academic Qualifications)

ਸਮਾਜਿਕ ਅਧਿਐਨ ਦਾ ਅਧਿਆਪਕ ਉੱਚ-ਪੱਧਰ ਦੀ ਯੋਗਤਾ ਵਾਲਾ ਹੋਣਾ ਚਾਹੀਦਾ ਹੈ। ਅੱਜ ਸਾਡਾ ਸਮਾਜ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ, ਇਸ ਬਦਲਦੇ ਹਾਲਾਤ ਨਾਲ ਨਿਪਟਣ ਲਈ ਅਤੇ ਵਿਦਿਆਰਥੀਆਂ ਨੂੰ ਠੀਕ ਸੇਧ ਦੇਣ ਲਈ ਉਸ ਨੂੰ ਕਾਫੀ ਗਿਆਨ ਹੋਣਾ ਚਾਹੀਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਸ਼ੁਰੂ ਤੋਂ ਹੀ ਇਸ ਵਿਸ਼ੇ ਵਿਚ ਦਿਲਚਸਪੀ ਹੋਣੀ ਚਾਹੀਦੀ ਹੈ। ਆਪਣੇ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਇਸ ਵਿਸ਼ੇ ਬਾਰੇ ਪੜ੍ਹਾਈ ਕੀਤੀ ਹੋਣੀ ਚਾਹੀਦੀ ਹੈ।

ਸਮਾਜਿਕ ਅਧਿਐਨ ਅਧਿਆਪਕ ਨੂੰ ਪਰਿਵਾਰ, ਸਮਾਜ, ਰਾਜ ਅਤੇ ਦੇਸ਼ ਅਤੇ ਸੰਸਾਰ ਬਾਰੇ ਪੂਰੀ ਪੂਰੀ ਸਮਝ ਹੋਣੀ ਚਾਹੀਦੀ ਹੈ। ਸਮਾਜਿਕ ਅਧਿਐਨ ਅਧਿਆਪਕ ਨੂੰ ਆਪਣੇ ਸਭਿਆਚਾਰ ਬਾਰੇ ਪਤਾ ਹੋਣਾ ਚਾਹੀਦਾ ਹੈ, ਉਸ ਨੂੰ ਵਿਦਿਆਰਥੀਆਂ ਨੂੰ ਸਭਿਅਕ ਬਣਾਉਣਾ ਚਾਹੀਦਾ ਹੈ। ਵਿਦਿਆਰਥੀਆਂ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਏਕਤਾ ਪੈਦਾ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

ਸਮਾਜਿਕ ਅਧਿਐਨ ਦੇ ਅਧਿਆਪਕ ਵਿੱਚ ਹਮੇਸ਼ਾਂ ਨਵਾਂ ਗਿਆਨ ਪ੍ਰਾਪਤ ਕਰਨ ਦੀ ਰੁਚੀ ਹੋਣੀ ਚਾਹੀਦੀ ਹੈ। Dr. Arnold ਦੇ ਸ਼ਬਦਾਂ ਵਿਚ, ਪ੍ਰਅਧਿਆਪਕ ਨੂੰ ਹਰ ਵੇਲੇ ਹੋਰ ਸਿਖਦਿਆਂ ਰਹਿਣਾ ਚਾਹੀਦਾ ਹੈ ਅਤੇ ਆਪਣੇ ਵਿਦਿਆਰਥੀਆਂ ਦੇ ਪੱਧਰ ਤੋਂ ਸਦਾ ਉੱਚਾ ਰਹਿਣਾ ਚਾਹੀਦਾ ਹੈ। (A teacher ought to be perpetually learning and so constantly be above the level of his scholars.) ਇਥੇ ਇਸ ਹਾਲ ਵੱਲ ਚੇਤੰਨ ਰਹਿਣ ਦੀ ਲੋੜ ਹੈ ਕਿ ਸਮਾਜਿਕ ਬਣਤਰ ਵਿਚਲੀਆਂ ਤਬਦੀਲੀਆਂ, ਕਲਚਰ ਤੇ ਖੇਤਰ ਵਿਚ ਸੰਭਾਵਨਾਵਾਂ, ਆਰਥਕ ਤਬਦੀਲੀਆਂ, ਆਬਾਦੀ ਦੇ ਵਟਾਂਦਰਾ ਤੇ ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾਂ ਫੇਰ ਇਕ ਦੇਸ਼ ਤੋਂ ਦੂਸਰੇ ਦੇਸ਼ ਨੂੰ ਜਾਣ ਵਾਲੇ ਲੋਕਾਂ ਵਿਚ ਵਾਧਾ ਸੋਸ਼ਲ ਸਟੱਡੀਜ਼ ਦੇ ਖੇਤਰ ਵਿਚ ਬਹੁਤ ਪ੍ਰਕਾਰ ਦੀਆਂ ਅਜਿਹੀਆਂ ਤਬਦੀਲੀਆਂ ਲਿਆ ਰਹੇ ਹਨ ਕਿ ਅਧਿਆਪਕ ਨੂੰ ਲਗਾਤਾਰ ਪੜ੍ਹਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਉਸ ਦਾ ਆਪਣਾ ਗਿਆਨ ਬਹੁਤ ਹੀ ਸੀਮਿਤ ਹੋ ਜਾਂਦਾ ਹੈ ਤੇ ਇਸ ਦਾ ਵਿਦਿਆਰਥੀਆਂ ਤੇ ਵੀ ਠੀਕ ਪ੍ਰਭਾਵ ਨਹੀਂ ਪੈਂਦਾ ਹੈ।

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਮਾਜਿਕ ਅਧਿਐਨ ਤੋਂ ਕੀ ਭਾਵ ਹੈ ? ਸਮਾਜ ਦੀਆਂ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਹਨ ਅਤੇ ਉਹਨਾਂ ਦਾ ਕਿਵੇਂ ਹੱਲ ਹੋ ਸਕਦਾ ਹੈ ? ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਇਤਿਹਾਸ, ਭੂਗੋਲ ਅਤੇ ਨਾਗਰਿਕ ਸ਼ਾਸਤਰ ਤੋਂ ਇਲਾਵਾ ਅਰਥ-ਸ਼ਾਸਤਰ, ਰਾਜਨੀਤਿਕ-

ਸ਼ਾਸਤਰ, ਸਮਾਜ-ਸ਼ਾਸਤਰ ਆਦਿ ਦਾ ਵੀ ਡੂੰਘਾ ਗਿਆਨ ਹੋਣਾ ਚਾਹੀਦਾ ਹੈ ਤਾਂ ਜੋ ਉਹ ਵਿਦਿਆਰਥੀਆਂ ਦੇ ਪੱਧਰ ਤੋਂ ਉੱਚਾ ਹੋ ਸਕੇ। ਟੈਗੋਰ ਦੇ ਸ਼ਬਦਾਂ ਵਿਚ 'ਇਕ ਅਧਿਆਪਕ ਅਸਲ ਵਿਚ ਤਦ ਤੱਕ ਨਹੀਂ ਪੜ੍ਹਾ ਸਕਦਾ ਜਦ ਤੱਕ ਉਹ ਆਪ ਸਿਖਦਾ ਨਾ ਰਹੇ। ਇਕ ਦੀਵਾ ਦੂਜੇ ਦੀਵੇ ਨੂੰ ਉਦੋਂ ਤਕ ਰੋਸ਼ਨ ਨਹੀਂ ਕਰ ਸਕਦਾ ਜਦ ਤੱਕ ਉਸ ਦੀ ਆਪਣੀ ਲੋਅ ਜਗਦੀ ਨਾ ਰਹੇ।'' ਸੋ ਇਕ ਚੰਗੇ ਅਧਿਆਪਕ ਵਿਚ ਇਹ ਗੁਣ ਹੋਣਾ ਚਾਹੀਦਾ ਹੈ ਕਿ ਉਹ ਹਮੇਸ਼ਾਂ ਪੜ੍ਹਦਾ ਰਹੇ ਅਤੇ ਆਪਣੇ ਗਿਆਨ ਵਿਚ ਵਾਧਾ ਕਰੇ।

## 2. ਕਿੱਤਈ ਟਰੇਨਿੰਗ (Professional Training)

ਅਧਿਆਪਨ ਇਕ ਕਲਾ ਹੈ। ਇਸ ਨੂੰ ਨਿਖਾਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਪਰ ਪੁਰਾਣੇ ਸਮੇਂ ਵਿਚ ਇਹੋ ਜਿਹੀ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ। ਪਲੈਟੋ, ਸੁਕਰਾਤ (Plato, Socrates) ਅਤੇ ਅਰਿਸਟੋਟਲ (Aristotle) ਨੇ ਕੋਈ ਸਿਖਲਾਈ ਪ੍ਰਾਪਤ ਨਹੀਂ ਸੀ ਕੀਤੀ ਹੋਈ। ਉਹ ਜਮਾਂਦਰੂ ਅਧਿਆਪਕ ਸਨ। ਪਰ ਅੱਜ ਦੇ ਯੁਗ ਵਿਚ ਮੰਨਿਆ ਜਾਂਦਾ ਹੈ ਕਿ ਸਿਖਲਾਈ ਨਾਲ ਔਸਤ ਦਰਜਿਆਂ ਦੇ ਵਿਅਕਤੀਆਂ ਨੂੰ ਚੰਗੇ ਦਰਜੇ ਦਾ ਅਧਿਆਪਕ ਬਣਾਇਆ ਜਾ ਸਕਦਾ ਹੈ। ਸਿੱਖਿਆ ਦੌਰਾਨ ਉਸ ਨੂੰ ਅਧਿਆਪਨ ਵਿਧੀਆਂ, ਸਹਾਇਕ ਸਮੱਗਰੀ ਆਦਿ ਬਾਰੇ ਦੱਸਿਆ ਜਾਂਦਾ ਹੈ। ਹਾਈ ਸਕੂਲ ਜਾਂ ਮਿਡਲ ਸਕੂਲ ਵਿਚ ਸਮਾਜਿਕ ਅਧਿਐਨ ਦੇ ਅਧਿਆਪਕ ਨੇ ਬੀ.ਐਡ. ਕੀਤੀ ਹੋਣੀ ਚਾਹੀਦੀ ਹੈ। ਜਿਸ ਨੇ ਕਿੱਤਈ ਸਿਖਲਾਈ ਪ੍ਰਾਪਤ ਕੀਤੀ ਹੋਵੇ ਉਹੀ ਚੰਗਾ ਅਧਿਆਪਕ ਬਣ ਸਕਦਾ ਹੈ।

## 3. ਵੱਖ ਵੱਖ ਅਧਿਆਪਨ ਵਿਧੀਆਂ ਦਾ ਗਿਆਨ (Knowledge of Various Methods of Teaching)

ਸਮਾਜਿਕ ਅਧਿਐਨ ਵਿਸ਼ਾ ਇਕ ਰੁੱਖਾ ਵਿਸ਼ਾ ਮੰਨਿਆ ਜਾਂਦਾ ਹੈ। ਇਸ ਲਈ ਇਸ ਵਿਸ਼ੇ ਨੂੰ ਪੜ੍ਹਾਉਣ ਲਈ ਨਵੇਂ ਨਵੇਂ ਢੰਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਨਵੇਂ ਢੰਗ ਜਿਵੇਂ ਕਿ ਵਾਦ-ਵਿਵਾਦ ਵਿਧੀ, ਪ੍ਰੋਜੈਕਟ ਵਿਧੀ (Project Method), ਸਮੱਸਿਆ ਵਿਧੀ (Problem Solving Method), ਇਕਾਈ ਵਿਧੀ (Unit Method), ਸਮੱਸਿਆ ਵਿਧੀ (Laboratory Method), ਸੋਮਾ ਵਿਧੀ (Source Method), ਆਦਿ ਢੰਗਾਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕਾਂ ਨੂੰ ਪਹਿਲਾਂ ਉਪ ਵਿਸ਼ਾ (topic) ਚੁਨਣਾ ਚਾਹੀਦਾ ਹੈ ਫਿਰ ਉਸ ਤੋਂ ਬਾਅਦ ਇਹ ਸੋਚਣਾ ਹੈ ਕਿ ਇਸ ਉਪ-ਵਿਸ਼ੇ ਲਈ ਕਿਹੜੀ ਵਿਧੀ ਜ਼ਿਆਦਾ ਲਾਭਦਾਇਕ ਹੈ ? ਕਿਸ ਵਿਧੀ ਰਾਹੀਂ ਵਿਦਿਆਰਥੀ ਜ਼ਿਆਦਾ ਸਿੱਖ ਸਕਦੇ ਹਨ ? ਕਿਹੜੀ ਵਿਧੀ ਜ਼ਿਆਦਾ ਸਾਰਥਕ ਹੋ ਸਕਦੀ ਹੈ ? ਉਸ ਵਿਧੀ ਵਿਚ ਨਿਪੁੰਨ ਹੋਣਾ ਚਾਹੀਦਾ ਹੈ।

## 4. ਸਹਾਇਕ ਸਮੱਗਰੀ ਦਾ ਗਿਆਨ (Knowledge of Teaching Aids)

ਸਮਾਜਿਕ ਅਧਿਐਨ ਦੇ ਹਰ ਇਕ ਉਪ-ਵਿਸ਼ੇ ਵਿਚ ਸਹਾਇਕ ਸਮੱਗਰੀ (Teaching Aids) ਦੀ ਜ਼ਰੂਰਤ ਹੁੰਦੀ ਹੈ। ਇਕ ਚੰਗੇ ਅਧਿਆਪਕ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਸਹਾਇਕ ਸਮੱਗਰੀ ਵਰਤੀ ਜਾ ਸਕਦੀ ਹੈ ਤੇ ਉਸ ਦਾ ਪ੍ਰਬੰਧ ਕਰਨਾ ਅਧਿਆਪਕ ਦਾ ਹੀ ਕੰਮ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਚਾਰਟ, ਨਕਸ਼ੇ, ਗਲੋਬ, ਤਸਵੀਰਾਂ ਆਦਿ ਤੋਂ ਬਿਨਾਂ ਨਵੀਂ ਤਕਨੀਕੀ ਸਹਾਇਕ ਸਮੱਗਰੀ (Mechanical aids) ਜਿਵੇਂ ਕਿ ਐਪੀਡਾਇਆਸਕੋਪ (Epidiascope), ਫਿਲਮ ਟੁਕੜੀਆਂ (Film strips), ਓਵਰ-ਹੈਡ ਪ੍ਰੋਜੈਕਟਰ (Over-head Projector), ਸਲਾਈਡ ਪ੍ਰਾਜੈਕਟ ਅਤੇ ਕੰਪਿਊਟਰ ਆਦਿਕ ਵਰਤਣ ਦਾ ਗਿਆਨ ਹੋਣਾ ਚਾਹੀਦਾ ਹੈ।

## 5. ਚੰਗਾ ਮੁਲਾਂਕਣ ਕਰਨ ਵਾਲਾ (Good Evaluator)

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਮੁਲਾਂਕਣ ਕਰਨ ਵਾਲੇ ਨਵੇਂ ਢੰਗਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਉਹ ਪਾਠ ਪੜ੍ਹਾਉਣ ਸਮੇਂ ਨਵੇਂ ਢੰਗਾਂ ਦੀ ਵਰਤੋਂ ਕਰਨ ਵੇਲੇ ਸਹਾਇਕ ਸਮੱਗਰੀ ਵਰਤਦਾ ਹੈ। ਇਸ ਦਾ ਵਿਦਿਆਰਥੀਆਂ ਤੇ ਕੀ ਅਸਰ ਪੈਂਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਨਵੀਆਂ ਤਕਨੀਕਾਂ (Techniques) ਜਿਵੇਂ ਕਿ ਵਸਤੂਗਤ ਵੰਨਗੀ ਟੈਸਟ (Objective Types Test), ਛੋਟੇ ਉੱਤਰ ਵੰਨਗੀ ਟੈਸਟ (Short Answer Type Test) ਆਦਿ ਦਾ ਗਿਆਨ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾ ਸਕੇ। ਇਸ ਤੋਂ ਬਿਨਾਂ ਵਿਦਿਆਰਥੀਆਂ ਦੀਆਂ ਰੋਜ਼ਾਨਾ ਗਤੀਵਿਧੀਆਂ ਦੁਆਰਾ ਵੀ ਮੁਲਾਂਕਣ ਕਰਨਾ ਚਾਹੀਦਾ ਹੈ ਤਾਂ ਜੋ ਉਹ ਵਿਦਿਆਰਥੀਆਂ ਦੀਆਂ ਨਿਪੁੰਨਤਾਵਾਂ ਨੂੰ ਸਮਝ ਸਕੇ।

## 6. ਸੈਰ ਸਪਾਟਿਆਂ ਅਤੇ ਫੇਰੀਆਂ ਲਈ ਪਿਆਰ (Love for Excursions and Tours)

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਸਾਰੇ ਪੰਜਾਬ, ਭਾਰਤ ਦਾ ਹੀ ਨਹੀਂ ਸਗੋਂ ਸੰਸਾਰ ਦਾ ਗਿਆਨ ਹੋਣਾ ਚਾਹੀਦਾ ਹੈ। ਸਮਾਜਿਕ ਅਧਿਐਨ ਪੜ੍ਹਾਉਣ ਲਈ ਵਿਦਿਅਕ ਭਰਮਣ (Educational Trips) ਇਕ ਚੰਗੀ ਤਕਨੀਕ ਹੈ। ਇਸ ਨਾਲ ਵਿਦਿਆਰਥੀਆਂ ਨੂੰ ਪ੍ਰਤੱਖ ਗਿਆਨ ਪ੍ਰਾਪਤ ਹੁੰਦਾ ਹੈ। ਵਿਦਿਅਕ ਟੂਰ (Educational Trips) ਇਕ ਚੰਗੀ ਤਕਨੀਕ ਹੈ। ਇਸ ਨਾਲ ਵਿਦਿਆਰਥੀਆਂ ਨੂੰ ਪ੍ਰਤੱਖ ਗਿਆਨ ਪ੍ਰਾਪਤ ਹੁੰਦਾ ਹੈ। ਵਿਅਿਦਕ ਟੂਰ (Educational Tour) ਵਿਦਿਆਰਥੀਆਂ ਦਾ ਵੱਖ ਵੱਖ ਅਸਥਾਨਾਂ ਦੇ ਲੋਕਾਂ ਨਾਲ ਪਰਿਚੈ ਵੀ ਕਰਵਾਉਂਦੇ ਹਨ, ਜਿਸ ਰਾਹੀਂ ਉਹ ਲੋਕਾਂ ਦੇ ਜੀਵਨ ਢੰਗ ਅਤੇ ਉਨ੍ਹਾਂ ਦੇ ਇਤਿਹਾਸਕ, ਸਮਾਜਿਕ, ਭੂਗੋਲਿਕ ਘਟਨਾਵਾਂ ਨਾਲ ਸੰਬੰਧਾਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ। ਇਸ ਲਈ ਸਮਾਜਿਕ ਅਧਿਐਨ ਅਧਿਆਪਕ ਵਿਚ ਸੈਰ ਸਪਾਟਿਆਂ ਲਈ ਪਿਆਰ ਹੋਣਾ ਚਾਹੀਦਾ ਹੈ ਭਾਵ ਇਤਿਹਾਸਿਕ ਅਤੇ ਭੂਗੋਲਿਕ ਮਹੱਤਤਾ ਬਾਰੇ ਗਿਆਨ ਹੋਵੇ।

## 7. ਇਤਿਹਾਸਕ, ਭੂਗੋਲਿਕ ਅਤੇ ਸਮਾਜਿਕ ਸਥਾਨਾਂ ਦਾ ਗਿਆਨ (Knowledge of Historical, Geographical and places of Social Importance)

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਇਤਿਹਾਸਕ ਸਥਾਨਾਂ ਦਾ ਗਿਆਨ ਹੋਣਾ ਚਾਹੀਦਾ ਹੈ। ਉਦਾਹਰਣ ਵੱਜੋਂ ਜੇਕਰ ਅਧਿਆਪਕ ਨੇ ਲਾਲ ਕਿਲੇ ਬਾਰੇ ਪੜ੍ਹਾਉਣਾ ਹੈ ਤਾਂ ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਲਾਲ ਕਿਲਾ ਕਿਥੇ ਹੈ? ਭੂਗੋਲ ਪੜ੍ਹਾਉਣ ਲਈ ਮੈਦਾਨੀ ਇਲਾਕੇ, ਪਹਾੜੀ ਇਲਾਕਿਆਂ ਆਦਿ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਇਮਾਰਤਾਂ, ਅਜਾਇਬ ਘਰ, ਆਰਟ ਗੈਲਰੀਜ਼, ਡੈਮ, ਪਹਾੜ ਆਦਿ ਦਾ ਗਿਆਨ ਹੋਣਾ ਚਾਹੀਦਾ ਹੈ।

## 8. ਇਤਿਹਾਸਿਕ ਮਹੱਤਤਾ ਵਾਲੀਆਂ ਚੀਜ਼ਾਂ ਇਕੱਠਾ ਕਰਨ ਦੀ ਰੁਚੀ (Interest in collecting things of Historical Importance)

ਸਮਾਜਿਕ ਅਧਿਐਨ ਦੇ ਅਧਿਆਪਕ ਵਿਚ ਇਤਿਹਾਸਕ ਮਹੱਤਤਾ ਵਾਲੀਆਂ ਚੀਜ਼ਾਂ ਇਕੱਠਾ ਕਰਨ ਦੀ ਰੁਚੀ ਹੋਣੀ ਚਾਹੀਦੀ ਹੈ ਕਿਉਂਕਿ ਉਸ ਨੂੰ ਸਕੂਲ ਵਿਚ ਸਮਾਜਿਕ ਅਧਿਐਨ ਦਾ ਕਮਰਾ ਬਣਾਉਣਾ ਚਾਹੀਦਾ ਹੈ ਜਿਸ ਲਈ ਇਤਿਹਾਸਕ ਮਹੱਤਤਾ ਵਾਲੀਆਂ ਚੀਜ਼ਾਂ ਵੀ ਇਕੱਠੀਆਂ ਕੀਤੀਆਂ ਜਾਂਦੀਆਂ ਹਨ ਜਿਵੇਂ ਪੁਰਾਣੇ ਸਿੱਕੇ, ਪੁਰਾਣੀਆਂ ਤਸਵੀਰਾਂ, ਪੁਰਾਣੀਆਂ ਪੁਸਤਕਾਂ, ਪੁਰਾਤਨ ਲੋਕਾਂ ਦੇ ਪਹਿਰਾਵੇ ਆਦਿ।

## 9. ਵਰਨਣ ਕਰਨ ਦੀ ਅਤੇ ਨਾਟਕੀਕਰਨ ਦੀ ਸ਼ਕਤੀ (Power of Narration and Dramatization)

ਸਮਾਜਿਕ ਅਧਿਐਨ ਦੇ ਅਧਿਆਪਕ ਵਿਚ ਇਹ ਗੁਣ ਹੋਣਾ ਚਾਹੀਦਾ ਹੈ ਕਿ ਉਹ ਵਰਨਣ ਕਰ ਸਕੇ, ਲੋੜ ਅਨੁਸਾਰ ਨਾਟਕੀਕਰਨ ਵੀ ਕਰ ਸਕੇ। ਅਧਿਆਪਕ ਦੇ ਚਿਹਰੇ ਦੇ ਹਾਵ-ਭਾਵ ਤੋਂ ਵਿਦਿਆਰਥੀ ਬਹੁਤ ਪ੍ਰਭਾਵਿਤ ਹੁੰਦੇ ਹਨ। ਜੇਕਰ ਅਧਿਆਪਕ ਨੇ ਕਹਾਣੀ ਵਿਧੀ (story telling method) ਨਾਲ ਪੜ੍ਹਾਉਣਾ ਹੈ ਤਾਂ ਜ਼ਰੂਰੀ ਹੈ ਕਿ ਉਸ ਦੇ ਚਿਹਰੇ ਤੇ ਕੁਝ ਅੰਕਤ ਹੋਵੇ। ਆਵਾਜ਼ ਵਿਚ ਉਤਾਰ-ਚੜ੍ਹਾਅ ਹੋਣਾ ਚਾਹੀਦਾ ਹੈ।

## 10. ਤੁਰੰਤ ਮਾਮਲਿਆਂ ਦਾ ਗਿਆਨ (Knowledge of Current Affairs)

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਚਾਲੂ ਮਾਮਲਿਆਂ ਦਾ ਗਿਆਨ ਹੋਣਾ ਚਾਹੀਦਾ ਹੈ ਕੋਈ ਵੀ ਦੇਸ਼ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਤੋਂ ਮੁਕਤ ਨਹੀਂ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਚਾਲੂ ਮਾਮਲਿਆਂ ਤੋਂ ਜਾਣੂ ਕਰਾਉਣਾ ਅਤੇ ਸਮੱਸਿਆਵਾਂ ਦਾ ਹੱਲ ਦੱਸਣਾ ਚਾਹੀਦਾ ਹੈ। ਚਾਲੂ ਮਾਮਲਿਆਂ ਤੋਂ ਲੈ ਕੇ ਪਿੱਛੇ ਅਤੀਤ ਨਾਲ ਜੋੜਦਾ ਹੈ ਅਤੇ ਭਵਿੱਖ ਵਿਚ ਲਾਭ ਤੇ ਨੁਕਸਾਨ ਬਾਰੇ ਅੰਦਾਜ਼ਾ ਲਾਇਆ ਜਾਂਦਾ ਹੈ। ਅੱਜ ਸਾਡਾ ਭਾਰਤ ਹੀ ਨਹੀਂ ਸਗੋਂ ਸਮੁੱਚਾ ਸੰਸਾਰ ਮੁਸ਼ਕਲਾਂ ਵਿਚ ਗੁਜ਼ਰ ਰਿਹਾ ਹੈ। ਇਹੋ ਜਿਹੀਆਂ ਹਾਲਤਾਂ ਵਿਚ ਸਮਾਜਿਕ ਅਧਿਐਨ ਦੇ ਅਧਿਆਪਕ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ ਜਿਵੇਂ ਕਿ ਅਮਰੀਕਾ ਦਾ ਇਰਾਕ ਉਤੇ ਹਮਲਾ ਕਰਨਾ ਤੇ ਯੂ.ਐਨ. ਦੀ ਭੂਮਿਕਾ ਬਾਰੇ ਗਿਆਨ।

## 11. ਬਾਲ ਮਨੋਵਿਗਿਆਨ ਦਾ ਗਿਆਨ (Knowledge of Child Psychology)

ਬਾਲ ਮਨੋਵਿਗਿਆਨ ਦਾ ਗਿਆਨ ਹਰ ਅਧਿਆਪਕ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਬਾਲ ਮਨੋਵਿਗਿਆਨ ਅਧਿਆਪਕ ਨੂੰ ਬੱਚੇ ਮਨੋਵਿਗਿਆਨਕ ਲੋੜਾਂ ਤੋਂ ਜਾਣੂ ਕਰਵਾਉਂਦਾ ਹੈ ਅਤੇ ਉਸ ਨੂੰ ਵਿਸ਼ੇਸ਼ ਉਮਰ ਦੇ ਬੱਚਿਆਂ ਨਾਲ ਵਿਸ਼ੇਸ਼ ਅਧਿਆਪਨ ਵਿਧੀਆਂ ਚੁਣਨ ਵਿਚ ਮੱਦਦ ਕਰਦਾ ਹੈ, ਸਿਖਣ ਦੇ ਕੰਮਾਂ ਨੂੰ (laws of learning) ਤੋਂ ਜਾਣੂ ਕਰਾਉਂਦਾ ਹੈ। ਇਹ ਸਮਾਜਿਕ ਅਧਿਐਨ ਦੇ ਅਧਿਆਪਕ ਲਈ ਜ਼ਰੂਰੀ ਹੈ ਕਿਉਂਕਿ ਉਹ ਮਨੁੱਖਤਾ ਦੀਆਂ ਕਾਰਜਸ਼ੀਲਤਾਵਾਂ ਨਾਲ ਸੰਬੰਧ ਰੱਖਦਾ ਹੈ।

## 12. ਵਿਅਕਤੀਤਵ (Personality)

ਵਿਅਕਤੀਤਵ ਦੀ ਪਰੀਭਾਸ਼ਾ ਦਿੰਦੇ ਹੋਏ ਜੀ.ਡਬਲੀਓਂ ਐਲਪੋਰਟ ਨੇ ਕਿਹਾ ਹੈ ਕਿ ''ਵਿਅਕਤੀਤਵ ਵਿਅਕਤੀ ਦੇ ਅੰਦਰ ਉਨ੍ਹਾਂ ਮਨੋਸ਼ਰੀਰਕ ਪ੍ਰਣਾਲੀਆਂ ਦਾ ਗਤੀਸ਼ੀਲ ਸੰਗਠਨ ਹੈ, ਜਿਸ ਰਾਹੀਂ ਉਸਦਾ ਆਪਣੇ ਆਲੇ ਦੁਆਲੇ ਨਾਲ ਇਕ ਅਦੁੱਤੀ ਤਾਲਮੇਲ ਕਾਇਮ ਹੁੰਦਾ ਹੈ।''

" (Personality is the dynamic organisation within the individual of those psychophysical systems that deternine his unique adjustment to his environment.)"

"A good personality is a half teaching" ਚੰਗਾ ਵਿਅਕਤੀਤਵ ਜਾਂ ਚੰਗੀ ਸ਼ਖਸੀਅਤ ਅੱਧਾ ਅਧਿਆਪਨ ਹੈ। ਅਧਿਆਪਕ ਦੀ ਸ਼ਖਸੀਅਤ ਵਿਦਿਆਰਥੀ ਤੇ ਸਿੱਧਾ ਪ੍ਰਭਾਵ ਪਾਉਂਦੀ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਾਉਣਾ ਹੁੰਦਾ ਹੈ, ਉਹਨਾਂ ਵਿਚ ਨੈਤਿਕ ਅਤੇ ਸਮਾਜਿਕ ਗੁਣਾਂ ਦਾ ਵਿਕਾਸ ਕਰਨਾ ਹੈ। ਪਰ ਇਹਨਾਂ ਗੁਣਾਂ ਦਾ ਵਿਕਾਸ ਪਾਠ-ਪੁਸਤਕਾਂ ਦੁਆਰਾ ਇੰਨਾ ਨਹੀਂ ਹੁੰਦਾ ਜਿੰਨਾ ਕਿ ਅਧਿਆਪਕ ਦੀ ਸ਼ਖਸੀਅਤ ਤੋਂ ਹੁੰਦਾ ਹੈ। ਸ਼ਖਸੀਅਤ ਦੇ ਦੋ ਮੁੱਖ ਪੱਖ ਹਨ-ਬਾਹਰੀ ਪੱਖ (Extenral Aspect of Personality) ਅਤੇ ਅੰਦਰੂਨੀ ਪੱਖ (Internal Aspect of Personality)

## ਬਾਹਰੀ ਪੱਖ (External Aspect of Personality)

ਸਮਾਜਿਕ ਅਧਿਐਨ ਅਧਿਆਪਕ ਦਾ ਬਾਹਰੀ ਪੱਖ ਪ੍ਰਭਾਵਸ਼ਾਲੀ ਅਤੇ ਆਕਰਸ਼ਕ ਹੋਣਾ ਚਾਹੀਦਾ ਹੈ। ਇਸਦਾ ਇਹ ਮਤਲਬ ਨਹੀਂ ਕਿ ਸਰੀਰਕ ਤੌਰ ਤੇ ਸੁੰਦਰ ਹੋਵੇ। ਇਸ ਦਾ ਮਤਲਬ ਹੈ ਕਿ ਉਹ ਪਹਿਰਾਵੇ, ਚੰਗੀ ਬੋਲ-ਚਾਲ, ਸਰੀਰਕ ਸਿਹਤ ਆਦਿ ਨਾਲ ਆਪਣੀ ਸ਼ਖਸੀਅਤ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਆਤਮ ਵਿਸ਼ਵਾਸ ਉਸ ਦੇ ਚਿਹਰੇ ਤੇ ਝਲਕਣਾ ਚਾਹੀਦਾ ਹੈ।

### ਅੰਦਰੂਨੀ ਪੱਖ (Internal Aspect of Personality)

ਕਿਸੇ ਵੀ ਵਿਅਕਤੀ ਦਾ ਪਹਿਲਾਂ ਬਾਹਰਲਾ ਪੱਖ ਪ੍ਰਭਾਵਿਤ ਕਰਦਾ ਹੈ ਤੇ ਫਿਰ ਉਸ ਤੋਂ ਬਾਅਦ ਅੰਦਰੂਨੀ ਪੱਖ ਪ੍ਰਭਾਵ ਪਾਉਂਦਾ ਹੈ। ਕਈ ਵਾਰੀ ਬਾਹਰੋਂ ਸੁੰਦਰ ਦਿਖਣ ਵਾਲੇ ਅਧਿਆਪਕ ਅੰਦਰੂਨੀ ਪੱਖ ਮਾੜਾ ਹੋਣ ਕਰਕੇ ਆਪਣਾ ਪ੍ਰਭਾਵ ਖਤਮ ਕਰ ਲੈਂਦੇ ਹਨ। ਸਮਾਜਿਕ ਅਧਿਐਨ ਦੇ ਵਿਅਕਤੀਤਵ ਵਿਚ ਹੇਠ ਲਿਖੇ ਅੰਦਰੂਨੀ ਗੁਣ ਹੋਣੇ ਚਾਹੀਦੇ ਹਨ

### (i) ਮਾਨਸਿਕ ਸਿਹਤ (Mental health)

ਸਮਾਜਿਕ ਅਧਿਐਨ ਦੇ ਅਧਿਆਪਕ ਦੀ ਮਾਨਸਿਕ ਸਿਹਤ ਚੰਗੀ ਹੋਣੀ ਚਾਹੀਦੀ ਹੈ ਕਿਉਂਕਿ ਉਸਨੇ ਸਕੂਲ ਦੇ ਅਨੇਕਾਂ ਕੰਮਾਂ ਵਿਚ ਭਾਗ ਲੈਣਾ ਹੁੰਦਾ ਹੈ। ਉਸ ਦੀ ਚੰਗੀ ਸਿਹਤ, ਚੰਗਾ ਵਿਹਾਰ, ਉੱਚਾ ਅਚਰਨ, ਸੱਭਿਅਕ ਰੁਚੀਆਂ ਅਤੇ ਮਨੋਭਾਵਕ ਪਰਪੱਕਤਾ (Emotional maturity) ਹੋਣੀ ਚਾਹੀਦੀ ਹੈ। ਉਸ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ (positive) ਹੋਣਾ ਚਾਹੀਦਾ ਹੈ।

### (ii) ਮਿੱਤਰਤਾਪੂਰਨ ਅਤੇ ਹਮਦਰਦੀ ਭਰਪੂਰ ਵਰਤਾਉ (Friendly and Sympathetic Behaviour)

ਸਮਾਜਿਕ ਅਧਿਐਨ ਦੇ ਅਧਿਆਪਕ ਦਾ ਵਰਤਾਉ ਮਿੱਤਰਤਾਪੂਰਨ ਅਤੇ ਹਮਦਰਦੀ ਵਾਲਾ ਹੋਣਾ ਚਾਹੀਦਾ ਹੈ। ਜਿਸ ਅਧਿਆਪਕ ਤੋਂ ਵਿਦਿਆਰਥੀ ਜ਼ਿਆਦਾ ਡਰਦੇ ਹਨ ਉਨ੍ਹਾਂ ਤੋਂ ਉਹ ਕੀ ਸਿੱਖ ਸਕਦੇ ਹਨ ? ਜੇਕਰ ਅਧਿਆਪਕ ਦਾ ਵਰਤਾਉ ਹਮਦਰਦੀ ਅਤੇ ਮਿੱਤਰਤਾ ਵਾਲਾ ਹੋਵੇਗਾ ਤਾਂ ਵਿਦਿਆਰਥੀ ਅਧਿਆਪਕ ਨੂੰ ਪਿਆਰ ਕਰਨਗੇ। ਜੇ ਉਹ ਅਧਿਆਪਕ ਨੂੰ ਪਿਆਰ ਕਰਦੇ ਹਨ ਤਾਂ ਉਹ ਜ਼ਰੂਰ ਵਿਸ਼ੇ ਨੂੰ ਵੀ ਪਿਆਰ ਕਰਨਗੇ।

### (iii) ਸਹਿਨਸ਼ੀਲਤਾ, ਧੀਰਜ ਅਤੇ ਸਵੈ-ਕੰਟਰੋਲ (Tolerance, Patience and Self-Control)

ਸਹਿਨਸ਼ੀਲਤਾ, ਧੀਰਜ ਅਤੇ ਸਵੈ-ਕੰਟਰੋਲ ਸਮਾਜਿਕ ਅਧਿਆਪਕ ਦੇ ਖਾਸ ਗੁਣ ਹਨ। ਆਪਣੇ ਗੁੱਸੇ ਤੇ ਕੰਟਰੋਲ ਕਰਨਾ, ਧੀਰਜ ਰੱਖਣਾ ਚਾਹੀਦਾ ਹੈ। ਅਧਿਆਪਕ ਦਾ ਸੁਭਾਅ ਚਿੜਚਿੜਾ ਨਹੀਂ ਹੋਣਾ ਚਾਹੀਦਾ। ਕਈ ਵਿਦਿਆਰਥੀਆਂ ਨੂੰ ਕੋਈ ਗੱਲ ਸਮਝ ਨਹੀਂ ਆਉਂਦੀ, ਉਹ ਵਾਰ ਵਾਰ ਪੁੱਛਦੇ ਹਨ। ਇਹੋ ਜਿਹੇ ਹਾਲਾਤ ਵਿਚ ਸਮਾਜਿਕ ਅਧਿਐਨ ਅਧਿਆਪਕ ਨੂੰ ਸਹਿਨਸ਼ੀਲਤਾ ਤੋਂ ਕੰਮ ਲੈਣਾ ਚਾਹੀਦਾ ਹੈ।

ਅਧਿਆਪਕ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

1. ਉਹ ਅਧਿਆਪਕ ਜਿਹਨਾਂ ਨੂੰ ਵਿਦਿਆਰਥੀ ਭੁੱਲ ਜਾਂਦੇ ਹਨ।
2. ਉਹ ਅਧਿਆਪਕ ਜਿਹਨਾਂ ਨੂੰ ਵਿਦਿਆਰਥੀ ਯਾਦ ਕਰਕੇ ਗਾਲ੍ਹਾਂ ਕੱਢਦੇ ਹਨ।
3. ਉਹ ਅਧਿਆਪਕ ਜਿਹਨਾਂ ਨੂੰ ਵਿਦਿਆਰਥੀ ਯਾਦ ਕਰਦੇ ਹਨ ਤੇ ਖਿਮਾ ਕਰਦੇ ਹਨ।
4. ਉਹ ਅਧਿਆਪਕ ਜਿਹਨਾਂ ਨੂੰ ਵਿਦਿਆਰਥੀ ਯਾਦ ਕਰਦੇ ਹਨ ਤੇ ਪ੍ਰੇਮ, ਸਤਿਕਾਰ ਤੇ ਇੱਜ਼ਤ ਦੀ ਨਿਗਾਹ ਨਾਲ ਵੇਖਦੇ ਹਨ। ਉਹਨਾਂ ਅੱਗੇ ਸਤਿਕਾਰ ਵੱਜੋਂ ਸਿਰ ਝੁਕਦਾ ਹੈ। ਅਜਿਹੇ ਅਧਿਆਪਕ ਬੱਚਿਆਂ ਦੇ ਜੀਵਨ ਨੂੰ ਸੰਵਾਰਦੇ ਹਨ।

ਹਰ ਵਿਦਿਆਰਥੀ-ਅਧਿਆਪਕ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਉਹ ਚੋਥੀ ਸ਼੍ਰੇਣੀ ਦਾ ਅਧਿਆਪਕ ਹੋਵੇ।

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਘੁੰਮਣ ਫਿਰਨ, ਸੈਰ ਸਪਾਟੇ ਅਤੇ ਇਤਿਹਾਸਿਕ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਹੋਣਾ ਚਾਹੀਦਾ ਹੈ, ਚੰਗਾ ਹੋਵੇ ਜੇਕਰ ਉਸ ਨੂੰ ਆਪਣੀਆਂ ਉਂਗਲਾਂ ਤੇ ਵੀ ਅਧਿਕਾਰ ਹੋਵੇਗਾ ਅਰਥਾਤ ਉਹ ਨਕਸ਼ੇ, ਖਾਕੇ, ਤਸਵੀਰਾਂ, ਗਰਾਫ ਆਦਿ ਬਣਾ ਸਕਦਾ ਹੋਵੇ। ਮਾਡਲ ਆਦਿ ਦੀ ਰਚਨਾ ਵੀ ਕਰ ਸਕਦਾ ਹੋਵੇ। ਅਖਬਾਰਾਂ, ਰਸਾਲਿਆਂ ਵਿਚੋਂ ਸਮੱਗਰੀ ਇਕੱਠੀ ਕਰਨ ਦੀ ਵੀ ਰੁਚੀ ਉਸ ਵਿਚ ਹੋਵੇ।

ਸਮਾਜਿਕ ਅਧਿਐਨ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਨਾਲ ਮਿੱਤਰਤਾ ਅਤੇ ਮਿਲਵਰਤਨ ਵਾਲੇ ਸੰਬੰਧ ਸਥਾਪਤ ਕਰਨੇ ਚਾਹੀਦੇ ਹਨ। ਜੇਕਰ ਅਧਿਆਪਕ ਵਿਦਿਆਰਥੀਆਂ ਵਿਚ ਲੋੜੀਂਦੀ ਦਿਲਚਸਪੀ ਲਵੇਗਾ ਤਾਂ ਉਹ ਉਸ ਅਧਿਆਪਕ ਦੀ ਇੱਜ਼ਤ ਕਰਨਗੇ ਅਤੇ ਉਸ ਪ੍ਰਤੀ ਵਫਾਦਾਰ ਹੋਣਗੇ, ਵੱਖ ਵੱਖ ਸਮਿਆਂ`ਤੇ ਅਧਿਆਪਕ ਨੂੰ ਉਨ੍ਹਾਂ ਦੀਆਂ ਕਿਰਿਆਵਾਂ ਵਿਚ ਭਾਗ ਲੈਣਾ ਚਾਹੀਦਾ ਹੈ। ਪਛੜੇ, ਅਸਾਧਾਰਨ ਅਤੇ ਗਰੀਬ ਬੱਚਿਆਂ ਵੱਲ ਨਿੱਜੀ ਧਿਆਨ ਦੇਣਾ ਚਾਹੀਦਾ ਹੈ। ਸਮਾਜਿਕ ਅਧਿਐਨ ਅਧਿਆਪਕ ਦੇ ਬਾਕੀ ਸਾਥੀ ਅਧਿਆਪਕਾਂ ਨਾਲ ਸੰਬੰਧ ਚੰਗੇ ਮਿਲਵਰਤਣ ਵਾਲੇ ਹੋਣੇ ਚਾਹੀਦੇ ਹਨ ਕਿਉਂਕਿ ਸਾਰਿਆਂ ਨੇ ਸਾਂਝੇ ਉਦੇਸ਼ ਦੀ ਪੂਰਤੀ ਲਈ ਕੰਮ ਕਰਨਾ ਹੁੰਦਾ ਹੈ।

## 2.3.4 ਸਮਾਜਿਕ ਅਧਿਐਨ ਅਧਿਆਪਕ ਦਾ ਰੋਲ ਅਤੇ ਕਾਰਜ (Role and Function of Social Studies Teacher)

ਸਮਾਜਿਕ ਅਧਿਐਨ ਦਾ ਅਧਿਆਪਕ ਇਕ ਅਜਿਹਾ ਧੁਰਾ ਹੈ ਜਿਸ ਦੇ ਆਲੇ ਦੁਆਲੇ ਸਾਰਾ ਸਮਾਜਿਕ ਅਧਿਐਨ ਘੁੰਮਦਾ ਹੈ। ਸਮਾਜਿਕ ਅਧਿਐਨ ਦੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਧਿਆਪਕ ਨੂੰ ਹੇਠ ਲਿਖੇ ਰੋਲ ਅਤੇ ਕਾਰਜ ਕਰਨੇ ਪੈਂਦੇ ਹਨ :

1. **ਮਾਰਗਦਰਸ਼ਨ ਕਰਨਾ (To guide) :** ਸਿੱਖਿਆ ਸ਼ਾਸਤਰੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਵਿਦਿਆਰਥੀਆਂ ਨੂੰ ਆਪਣੇ ਅਨੁਭਵ ਤੋਂ ਸਿੱਖਣਾ ਚਾਹੀਦਾ ਹੈ ਅਤੇ ਅਧਿਆਪਕ ਨੂੰ ਸਿਰਫ ਮਾਰਗ-ਦਰਸ਼ਨ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਨਵੇਂ ਅਨੁਭਵਾਂ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਆਧੁਨਿਕ ਸਿੱਖਿਆ ਸੰਬੰਧੀ ਕੁਝ ਤਬਦੀਲੀਆਂ ਆ ਰਹੀਆਂ ਹਨ। ਹੁਣ ਵਿਦਿਆ ਨੂੰ ਬੱਚਾ ਕੇਂਦਰਤ (child centred) ਸਮਝਿਆ ਜਾਂਦਾ ਹੈ ਨਾ ਕਿ ਅਧਿਆਪਕ ਕੇਂਦਰਤ। ਫਿਰ ਵੀ ਉਸ ਨੂੰ ਕੁਰਾਹੇ ਪੈਣ ਤੋਂ ਬਚਾਉਣ ਲਈ ਅਧਿਆਪਕ ਦੇ ਪੱਖ-ਪ੍ਰਦਰਸ਼ਕ ਹੋਣ ਦੀ ਲੋੜ ਹੁੰਦੀ ਹੈ। ਅੱਜ ਕਲ ਨਵੀਆਂ ਵਿਧੀਆਂ ਪ੍ਰਚਲਤ ਹੋ ਗਈਆਂ ਹਨ, ਜਿਵੇਂ ਸਮੱਸਿਆ ਵਿਧੀ, ਸੋਮਾ ਵਿਧੀ, ਪ੍ਰਯੋਗਸ਼ਾਲਾ ਵਿਧੀ ਆਦਿ। ਇਸ ਲਈ ਇਨ੍ਹਾਂ ਵਿਧੀਆਂ ਵਿਚ ਅਧਿਆਪਕ ਦਾ ਰੋਲ ਮਾਰਗਦਰਸ਼ਨ ਕਰਨਾ ਹੈ ਅਤੇ ਬੱਚੇ ਕੋਲੋਂ ਹੀ ਸਭ ਕਾਰਜਸ਼ੀਲਤਾਵਾਂ ਕਰਵਾਉਣੀਆਂ ਹਨ।

2. **ਗਿਆਨ ਪ੍ਰਦਾਨ ਕਰਨਾ (To Transfer Knowledge) :** ਸਮਾਜਿਕ ਅਧਿਐਨ ਦੇ ਅਧਿਆਪਕ ਦਾ ਪਹਿਲਾ ਮਹੱਤਵਪੂਰਨ ਕੰਮ ਵਿਦਿਆਰਥੀਆਂ ਨੂੰ ਗਿਆਨ ਦੇਣਾ ਹੈ। ਅਤੀਤ ਨੂੰ ਵਰਤਮਾਨ ਨਾਲ ਜੋੜਨਾ ਅਤੇ ਭਵਿੱਖ ਲਈ ਤਿਆਰ ਕਰਨਾ ਅਧਿਆਪਕ ਦਾ ਰੋਲ ਹੈ। ਉਸ ਨੇ ਵਿਦਿਆਰਥੀਆਂ ਨੂੰ ਦੱਸਣਾ ਹੈ ਕਿ ਕਿਸ ਤਰ੍ਹਾਂ ਮਨੁੱਖ ਵੱਖ ਵੱਖ ਪ੍ਰਕਾਰ ਦੇ ਵਾਤਾਵਰਨ ਵਿਚੋਂ ਗੁਜ਼ਰਦਾ ਹੋਇਆ ਆਧੁਨਿਕ ਵਾਤਾਵਰਨ ਵਿਚ ਪਹੁੰਚਿਆ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਦਾ ਪਹਿਲਾ ਰੋਲ ਜਾਂ ਕੰਮ ਗਿਆਨ ਪ੍ਰਦਾਨ ਕਰਨਾ ਹੈ।

3. **ਵਿਸ਼ਾ ਸਮੱਗਰੀ ਦਾ ਸੰਗਠਨ (Organisation of Material) :** ਵਿਦਿਆਰਥੀਆਂ ਨੂੰ ਠੀਕ ਗਿਆਨ ਪ੍ਰਦਾਨ ਕਰਨ ਲਈ ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਉਚਿਤ ਵਿਸ਼ਾ ਸਮੱਗਰੀ ਦਾ ਸੰਗਠਨ ਕਰਨਾ ਪੈਂਦਾ ਹੈ। ਬੇਸ਼ੱਕ ਹਰ ਕਲਾਸ ਲਈ ਪਾਠ ਪੁਸਤਕਾਂ ਹਨ ਪਰ ਫਿਰ ਵੀ ਠੀਕ ਗਿਆਨ ਦੇਣ ਲਈ ਸਮੱਗਰੀ ਦੀ ਚੋਣ ਕਰਨੀ ਪੈਂਦੀ ਹੈ। ਵਿਸ਼ਾ ਸਮੱਗਰੀ ਦੀ ਚੋਣ ਤੋਂ ਬਾਅਦ ਅਧਿਆਪਕ ਨੂੰ ਸੋਚਣਾ ਪੈਂਦਾ ਹੈ ਕਿ ਕਿਹੜੀ ਵਿਧੀ ਦੁਆਰਾ ਪੜ੍ਹਾਇਆ ਜਾਣਾ ਚਾਹੀਦਾ ਹੈ। ਜੇਕਰ ਵਾਦ-ਵਿਵਾਦ ਵਿਧੀ ਵਰਤਣੀ ਹੈ ਉਸ ਦਾ ਸੰਗਠਨ ਕਰਨਾ ਪੈਂਦਾ ਹੈ। ਅਧਿਆਪਕ ਲਈ ਸਹਾਇਕ ਸਮੱਗਰੀ ਦੀ ਚੋਣ ਅਧਿਆਪਕ ਨੇ ਕਰਨੀ ਹੁੰਦੀ ਹੈ। ਇਸ ਤਰ੍ਹਾਂ ਵਿਸ਼ਾ ਸਮੱਗਰੀ ਦਾ ਸੰਗਠਨ ਅਤੇ ਚੋਣ, ਅਧਿਆਪਨ ਲਈ ਸਹਾਇਕ ਸਮੱਗਰੀ ਅਤੇ ਅਧਿਆਪਨ ਵਿਧੀਆਂ ਦੀ ਚੋਣ ਸਮਾਜਿਕ ਅਧਿਐਨ ਦਾ ਬੜਾ ਹੀ ਮਹੱਤਵਪੂਰਨ ਰੋਲ ਹੈ।

4. **ਵਿਦਿਆਰਥੀਆਂ ਦੀਆਂ ਰੁੱਚੀਆਂ ਅਤੇ ਸਹੂਲਤਾਂ ਨੂੰ ਸਮਝਣਾ (To understand interests and needs of students) :** ਬੱਚੇ ਦੇ ਜੀਵਨ ਵਿਚ ਸਮਾਜਿਕ ਅਧਿਐਨ ਦਾ ਵਿਸ੍ਰੇਸ਼ ਸਥਾਨ ਹੈ। ਇਸ ਲਈ ਜ਼ਰੂਰੀ ਹੈ ਕਿ ਬੱਚੇ ਦੀਆਂ ਰੁਚੀਆਂ, ਜ਼ਰੂਰਤਾਂ ਅਤੇ ਯੋਗਤਾਵਾਂ ਨੂੰ ਅਧਿਆਪਕ ਸਮਝੇ। ਇਸ ਤੋਂ ਛੁੱਟ ਬੱਚੇ ਦੇ ਵਾਤਾਵਰਣ ਨੂੰ ਵੀ ਸਮਝਣਾ ਚਾਹੀਦਾ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਚਾਹੀਦਾ ਹੈ ਕਿ ਵਿਦਿਆਰਥੀ ਨੂੰ ਉਹਨਾਂ ਦੀਆਂ ਰੁਚੀਆਂ ਮੁਤਾਬਿਕ ਪੜ੍ਹਾਏ। ਸਮਾਜਿਕ ਅਧਿਐਨ ਅਧਿਆਪਕ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਮਾਨਸਿਕ ਅਤੇ ਬੌਧਿਕ ਪੱਧਰ ਨੂੰ ਸਮਝੇ।

5. **ਵੱਖ ਵੱਖ ਤੱਥਾਂ ਦੀ ਵਿਆਖਿਆ ਕਰਨਾ (To interpret different things) :** ਸਮਾਜਿਕ ਘਟਨਾਵਾਂ ਦਾ ਗਿਆਨ ਅਤੇ ਤਰਕਪੂਰਨ ਵਿਆਖਿਆ ਕਰਨ ਦੀ ਯੋਗਤਾ ਜਿੰਨੀ ਸਮਾਜਿਕ ਅਧਿਐਨ ਅਧਿਆਪਕ ਵਿਚ ਹੁੰਦੀਆਂ ਹਨ ਉਤਨੀ ਦੂਜੇ ਅਧਿਆਪਕ ਵਿਚ ਨਹੀਂ ਹੁੰਦੀ। ਸਮਾਜਿਕ ਅਧਿਐਨ ਦੇ ਅਧਿਆਪਕ ਦੇ ਰੋਲ ਦੀ ਚਰਚਾ ਕਰਦੇ ਹੋਏ ਸ੍ਰੀ ਐਮ.ਐਲ. ਜੈਕਸ (M.L. Jacks) ਨੇ ਕਿਹਾ ਹੈ ਕਿ ਸਭ ਤੋਂ ਪਹਿਲਾਂ ਉਹ ਵਿਆਖਿਆਕਾਰ ਹੈ ਉਹ ਕੇਵਲ ਆਪਣੇ ਵਿਦਿਆਰਥੀਆਂ ਲਈ ਅਨੁਭਵਾਂ ਦੀ ਵਿਆਖਿਆ ਹੀ ਨਹੀਂ ਕਰਦਾ ਸਗੋਂ ਉਹ ਸਮਾਜ ਦੀ ਵਿਆਖਿਆ ਕਰਦਾ ਹੈ ਜਿਸ ਨਾਲ ਵਿਦਿਆਰਥੀ ਸੰਬੰਧਿਤ ਹੈ। ਉਸ ਨੇ ਸਮਾਜ ਦੇ ਅਤੀਤ ਅਤੇ ਵਰਤਮਾਨ ਦੀ ਵਿਆਖਿਆ ਕਰਨੀ ਹੁੰਦੀ ਹੈ। ਉਹ ਸਮਾਜ ਦੇ ਉਦੇਸ਼ਾਂ, ਉਦੇਸ਼ਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸਮਾਜਿਕ ਯਤਨ, ਸਮਾਜਿਕ ਅਤੇ ਤਕਨੀਕੀ ਪ੍ਰਾਪਤੀਆਂ ਤੋਂ ਪ੍ਰਾਪਤ ਮੌਕਿਆਂ ਅਤੇ ਮੁੱਖ ਸਹੂਲਤਾਂ ਦੀ ਵਿਆਖਿਆ ਕਰਦਾ ਹੈ।

ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਆਪਣਾ ਰੋਲ ਨਿਭਾਉਣ ਲਈ ਸਬਰ, ਸਿਆਣਪ, ਹਮਦਰਦੀ ਅਤੇ ਸਮਝ ਦੀ ਲੋੜ ਹੈ। ਅਧਿਆਪਕ ਦਾ ਇਕ ਹੋਰ ਵੀ ਕੰਮ ਹੈ ਕਿ ਉਹ ਵਿਦਿਆਰਥੀਆਂ ਨੂੰ ਸਮਾਜਿਕ ਅਧਿਐਨ ਵਿਸ਼ੇ ਉੱਤੇ ਸੁਭਾਵਿਕ ਵਿਚਾਰ-ਵਟਾਂਦਰਾ ਕਰਨ ਦੀ ਜਾਂਚ ਸਿਖਾਏ ਤਾਂ ਜੋ ਉਹ ਇਸ ਵਿਸ਼ੇ ਨੂੰ ਆਪਣਾ ਨਿੱਜੀ ਵਿਸ਼ਾ ਸਮਝਣ। ਸੋ ਇਹ ਸਪਸ਼ਟ ਹੈ ਕਿ ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਸਕੂਲ ਅਤੇ ਸਮੁਦਾਇ ਦੇ ਸੰਬੰਧ ਵਿਚ ਵੱਖ ਵੱਖ ਕੰਮ ਕਰਨੇ ਪੈਂਦੇ ਹਨ।

### 2.3.5 ਸਾਰ :

ਸਿੱਖਿਆ ਪ੍ਰਣਾਲੀ ਵਿਚ ਅਧਿਆਪਕ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਅਧਿਆਪਕ ਦੇ ਚਾਰੇ ਪਾਸੇ ਹੀ ਸਮੁੱਚੀ ਸਿੱਖਿਆ ਪ੍ਰਣਾਲੀ ਘੁੰਮਦੀ ਹੈ। ਸਮਾਜਿਕ ਅਧਿਐਨ ਦੇ ਅਧਿਆਪਕ ਨੂੰ ਦੇਸ਼ ਦੇ ਬੀਤੇ ਵਰਤਮਾਨ ਅਤੇ ਭਵਿੱਖ ਬਾਰੇ ਅਗਾਮੀ ਹਾਲਾਤ ਦੀ ਸੂਝ ਹੋਣੀ ਚਾਹੀਦੀ ਹੈ। ਅਧਿਆਪਕ ਆਪਣੇ ਚੰਗੇ ਚਰਿਤਰ ਅਤੇ ਵਿਹਾਰ ਨਾਲ ਵਿਦਿਆਰਥੀਆਂ ਨੂੰ ਪ੍ਰਭਾਵਿਤ ਹੀ ਨਹੀਂ ਕਰਦੇ ਸਗੋਂ ਚੰਗੀ ਸਖ਼ਸ਼ੀਅਤ ਦਾ ਵਿਕਾਸ ਕਰਦੇ ਹਨ।

### 2.3.6 ਮੁੱਖ ਨੁਕਤੇ :-

- ਸਮਾਜਿਕ ਅਧਿਐਨ ਅਧਿਆਪਕ ਦੇ ਗੁਣ
- ਸਮਾਜਿਕ ਅਧਿਐਨ ਅਧਿਆਪਕ ਦੇ ਰੋਲ ਤੇ ਕਾਰਜ

### 2.3.7 ਸਵੈ-ਮੁਲਾਂਕਣ ਅਭਿਆਸ

1. ਜਿਸ ਨੇ ..........ਸਿਖਲਾਈ ਪ੍ਰਾਪਤ ਕੀਤੀ ਹੋਵੇ,ਉਹ ਚੰਗਾ ਅਧਿਆਪਕ ਬਣ ਸਕਦਾ ਹੈ।
2. ਅਧਿਆਪਕ ਪਾਠ ਪੜਾਉਣ ਵੇਲੇ ..............ਦੀ ਵਰਤੋ ਕਰ ਸਕਦਾ ਹੈ।
3. ਸਮਾਜਿਕ ਅਧਿਐਨ ਦੇ ਅਧਿਆਪਕ ਨੂੰ .............ਦਾ ਗਿਆਨ ਹੋਣਾ ਚਾਹੀਦਾ ਹੈ।

ਉੱਤਰ :- 1.ਕਿੱਤਈ 2. ਸਹਾਇਕ ਸਮੱਗਰੀ 3. ਤੁਰੰਤ ਮਾਮਲਿਆ

## 2.3.8 ਸੁਝਾਏ ਪ੍ਰਸ਼ਨ

1. ਸਮਾਜਿਕ ਅਧਿਐਨ ਦਾ ਅਧਿਆਪਕ ਉੱਤੇ ਇਕ ਨੋਟ ਲਿਖੋ।
2. ਸਮਾਜਿਕ ਅਧਿਐਨ ਦੇ ਅਧਿਆਪਕ ਵਿਚ ਕਿਹੜੇ ਕਿਹੜੇ ਗੁਣ ਅਤੇ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ?
3. ਸਮਾਜਿਕ ਅਧਿਐਨ ਦੇ ਅਧਿਆਪਕ ਦਾ ਰੋਲ ਅਤੇ ਕਾਰਜਾਂ ਦੀ ਵਿਆਖਿਆ ਕਰੋ।
4. ਹੇਠ ਲਿਖੇ ਉਪ ਵਿਸ਼ਿਆਂ ਤੇ ਸੰਖੇਪ ਨੋਟ ਲਿਖੋ :
   (ੳ) ਅਧਿਆਪਕ
   (ਅ) ਅਧਿਆਪਕ ਦੀ ਸ਼ਖਸੀਅਤ
   (ੲ) ਅਧਿਆਪਕ ਚੰਗਾ ਮੁਲਾਂਕਣ-ਕਰਤਾ ਹੋਣਾ ਚਾਹੀਦਾ ਹੈ ਕਿਉਂ ?
   (ਸ) ਅਧਿਆਪਕ ਨੂੰ ਅਧਿਆਪਨ ਵਿਧੀਆਂ ਦਾ ਗਿਆਨ ਹੋਣਾ ਜ਼ਰੂਰੀ ਹੈ ? ਟਿੱਪਣੀ ਕਰੋ।

## 2.3.9 ਸੁਝਾਈਆਂ ਪੁਸਤਕਾਂ


1. ਸੰਧੂ, ਪੀ.ਕੇ. (2003) : ਸਮਾਜਿਕ ਅਧਿਐਨ ਦਾ ਅਧਿਆਪਨ (ਪੰਜਾਬੀ)
2 ਕੋਛੜ, ਐਮ.ਕੇ. : ਸਮਾਕਿਜ ਅਧਿਐਨ ਦਾ ਅਧਿਆਪਨ (ਅੰਗਰੇਜ਼ੀ)
3. ਅਗਰਵਾਲ, ਜੇ.ਸੀ. : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗਰੇਜ਼ੀ)
4. ਮਨਜੀਤ ਕੌਰ (2004), ਗੁਰਮੀਤ ਸਿੰਘ : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗਰੇਜ਼ੀ)
6. Manjeet Kaur, A.K. Kansal, Chanchal Kumar (2010) : Teaching of Social Studies.

ਪਾਠ ਨੰਬਰ : **2.4** ਲੇਖਕ : ਡਾ. ਪਰਮਜੀਤ ਕੌਰ ਸੰਧੂ

## ਪਾਠ ਬਣਤਰ

2.4.1 ਉਦੇਸ਼
2.4.2 ਭੂਮਿਕਾ
2.4.3 ਦ੍ਰਿਸ਼ਟੀ ਸਹਾਇਕ ਸਾਧਨਾਂ : ਅਰਥ ਅਤੇ ਪਰਿਭਾਸ਼ਾਵਾਂ
2.4.4 ਦ੍ਰਿਸ਼ਟੀ ਸਹਾਇਕ ਸਾਧਨਾਂ : ਮਹੱਤਤਾ
2.4.5 ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦਾ ਵਰਗੀਕਰਨ
2.4.5.1 ਨਾਨ-ਪ੍ਰੋਜਕਟਿਵ
2.4.5.2 ਚਾਕ ਬੋਰਡ
2.4.5.3. ਨਕਸ਼ੇ
2.4.5.4 ਚਾਰਟ
2.4.5.5. ਡਾਇਆਗ੍ਰਾਮ
2.4.5.6 ਮਾਡਲ
2.4.5.7 ਤਸਵੀਰਾਂ
2.4.5.8. ਗ੍ਰਾਫ਼ ਅਤੇ ਗਲੋਬ
2.4.6 ਪ੍ਰੋਜਕਟਿਵ ਪੜ੍ਹਾਉਣ ਸਹਾਇਕ ਸਮੱਗਰੀ
2..4.6.1. LED ਪ੍ਰੋਜੈਕਟਰ
2..4.6.2. ਇੰਟਰਐਕਟਿਵ ਵ੍ਹਾਈਟ ਬੋਰਡ
2.4.7 ਸਵੈ-ਮੁਲਾਂਕਣ ਅਭਿਆਸ
2.4.8 ਸਾਰ
2.4.9 ਮੁੱਖ ਨੁਕਤੇ
2.4.10 ਅਭਿਆਸ ਪ੍ਰਸ਼ਨ
2.4.11 ਸੁਝਾਈਆਂ ਪੁਸਤਕਾਂ ਅਤੇ ਵੈਬ ਸਰੋਤ

### 2.4.1 ਉਦੇਸ਼

**ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀਂ ਇਹ ਸਮਝਣਯੋਗ ਹੋ ਜਾਵੋਗੇ ਕਿ**

- ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦਾ ਅਰਥ
- ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਮਹੱਤਤਾ
- ਦ੍ਰਿਸ਼ਟੀ ਸਰੋਤ ਸਹਾਇਕ ਸਾਧਨਾਂ ਦਾ ਵਰਗੀਕਰਨ
- ਨਾਨ-ਪ੍ਰੋਜਕਟਿਵ ਪੜ੍ਹਾਉਣ ਸਹਾਇਕ ਸਮੱਗਰੀ ਜਿਵੇਂ ਕਿ ਚਾਕ-ਬੋਰਡ, ਨਕਸ਼ੇ, ਗਲੋਬ ਚਾਰਟ, ਡਾਇਆਗ੍ਰਾਮ, ਮਾਡਲ ਤਸਵੀਰਾਂ ਅਤੇ ਗ੍ਰਾਫ਼
- ਪ੍ਰੋਜਕਟਿਵ ਪੜ੍ਹਾਉਣ ਸਹਾਇਕ ਸਮੱਗਰੀ ਜਿਵੇਂ ਕਿ ਉਵਰਹੈਡ ਪ੍ਰਾਜੈਕਟਰ ਅਤੇ ਸਲਾਈਡ ਪ੍ਰਾਜੈਕਟਰ

### 2.4.2 ਭੂਮਿਕਾ

ਪਿਆਰੇ ਵਿਦਿਆਰਥੀਓ : ਇਸ ਪਾਠ ਵਿਚ ਅਸੀਂ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਬਾਰੇ ਪੜ੍ਹਾਗੇ ਤੇ ਇਹ ਵੀ ਸਮਝਾ

ਸਮਝਾਂਗੇ ਕਿ ਇਹਨਾਂ ਦਾ ਅਰਥ ਹੈ ਅਤੇ ਕੀ ਮਹੱਤਤਾ ਹੈ ? ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਕਿਹੜੇ-ਕਿਹੜੇ ਹੁੰਦੇ ਹਨ ਤੇ ਇਹਨਾਂ ਦਾ ਸਿਖਿਆ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਯੋਗਦਾਨ ਕਿਵੇਂ ਹੁੰਦਾ ਹੈ। ਸਮਾਜਿਕ ਅਧਿਐਨ ਦੇ ਵਿਸ਼ੇ ਨੂੰ ਕਿਵੇਂ ਦਿਲਚਸਪ ਬਣਾਇਆ ਜਾ ਸਕਦਾ ਹੈ, ਦ੍ਰਿਸ਼ਟੀ ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਰਾਹੀ। ਆਉ, ਅਸੀਂ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਜੋ ਸਮਾਜਿਕ ਅਧਿਐਨ ਵਿਸ਼ੇ ਨੂੰ ਰੋਚਕ ਬਣਾਉਣ ਲਈ ਵਰਤੋਂ ਵਿਚ ਲਿਆਉਣੇ ਚਾਹੀਦੇ ਹਨ, ਬਾਰੇ ਵਿਸਥਾਰ ਵਿਚ ਵਿਚਾਰ ਕਰੀਏ।

### 2.4.3 ਦ੍ਰਿਸ਼ਟੀ ਸਹਾਇਕ ਸਾਧਨਾਂ : ਅਰਥ ਅਤੇ ਪ੍ਰੀਭਾਸ਼ਾਵਾਂ :

ਜਿਹੜੀ ਪਾਠ-ਸਹਾਇਕ ਸਮੱਗਰੀ ਸੁਣਨ ਅਤੇ ਦੇਖਣ ਨਾਲ ਸਮਝਣ ਵਿਚ ਸਾਡੀ ਸਹਾਇਤਾ ਕਰੇ ਤੇ ਉਹ ਸਿਖਣ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਤੇ ਨਿਪੁੰਨ ਬਣਾਏ ਉਸਨੂੰ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਕਿਹਾ ਜਾਂਦਾ ਹੈ। ਗਾਂਧੀ ਜੀ ਨੇ ਠੀਕ ਹੀ ਕਿਹਾ ਹੈ ਕਿ ''ਸੂਝ ਦੀ ਸੱਚੀ ਸਿਖਿਆ ਸਿਰਫ਼ ਸਰੀਰਕ ਅੰਗਾਂ ਜਿਵੇਂ ਹੱਥ, ਪੈਰ, ਅੱਖਾਂ ਅਤੇ ਨੱਕ ਦੇ ਠੀਕ ਅਭਿਆਸ ਅਤੇ ਸਿਖਲਾਈ ਰਾਹੀਂ ਹੀ ਦਿੱਤੀ ਜਾ ਸਕਦੀ ਹੈ।''

According to Gandhi Ji, "True education of the intellect can only come through a proper exercise and training of bodily organs : hands, feet, eyes, ears and nose."

According to McKown and Roberts "Audio visual aids are supplementary devices by which the teacher, through, the utilization of more than one sensory channels keeps to clarify, establish and correlate concepts, interpretations and appreciations". According to Burtom, "Audio-visual materials are those sensory objects or images which initiate, stimulate and reinforce learning. In words of Carter V.Good, : Any device by means of which the learning process may be encouraged or carried on through the sense of hearing the sight simultaneously" is known as audio-visual aid".

### 2.4.4 ਦ੍ਰਿਸ਼ਟੀ ਸਹਾਇਕ ਸਾਧਨਾਂ : ਮਹੱਤਤਾ

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਮਹੱਤਤਾ ਸੰਬੰਧੀ ਕੋਠਾਰੀ ਕਮਿਸ਼ਨ ਨੇ ਕਿਹਾ ਹੈ ਕਿ ''ਹਰ ਅਧਿਆਪਨ ਵਿਚ ਗੁਣਾਤਮਕਤਾ ਲਿਆਉਣ ਲਈ ਹਰ ਸਕੂਲ ਨੂੰ ਪਾਠ-ਸਹਾਇਕ ਸਮੱਗਰੀ ਪ੍ਰਦਾਨ ਕਰਨੀ ਜ਼ਰੂਰੀ ਹੈ। ਇਹ ਸਾਡੇ ਦੇਸ਼ ਵਿਚ ਵਿਦਿਅਕ ਕ੍ਰਾਂਤੀ ਲਿਆਵੇਗੀ''। Kothari Commission 1964-66 said "Supply of teaching aid to every school is essential for the improvement of the quality of the teaching. It should indeed bring about an educational revolution in the country."

ਇਥੋਂ ਤੱਕ ਕਿ ਕੌਮੀ ਵਿਦਿਅਕ ਨੀਤੀ (1986) ਨੇ ਪਾਠ ਸਹਾਇਕ ਸਮੱਗਰੀ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਹੈ। ਵਿਸ਼ੇਸ਼ ਤੌਰ ਤੇ ਉਹ ਸਾਧਨ ਜਿਹੜੇ ਪੜਨ-ਸਿਖਣ ਨੂੰ ਜ਼ਿਆਦਾ ਪ੍ਰਭਾਵਸ਼ਾਲੀ, ਪੱਕਾ ਅਤੇ ਯਥਾਰਥਕ ਬਣਾਉਂਦੇ ਹਨ। ਇਹਨਾਂ ਦੀ ਮਹੱਤਤਾ ਦਸਦੇ ਹੋਏ ਬਰੂਚ ਵੈਸਲਏ ਨੇ ਇਸ ਤਰ੍ਹਾਂ ਕਿਹਾ ਹੈ ਕਿ ''ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਅਨੁਭਵ ਕਰਵਾਉਂਦੇ ਹਨ। ਇਹ ਵਸਤੂਆਂ ਅਤੇ ਸ਼ਬਦਾਂ ਦੇ ਸੰਬੰਧਾਂ ਨੂੰ ਸਰਲ ਬਣਾਉਂਦੇ ਹਨ; ਇਹ ਵਿਦਿਆਰਥੀ ਦਾ ਸਮਾਂ ਬਚਾਉਂਦੇ ਹਨ, ਇਹ ਸਰਲ ਅਤੇ ਭਰੋਸੇਯੋਗ ਜਾਣਕਾਰੀ ਪ੍ਰਦਾਨ ਕਰਦੇ ਹਨ; ਇਹ ਪ੍ਰਸੰਸਾ ਨਾਲ ਭਰਪੂਰ ਅਤੇ ਵਧਾਉਂਦੇ ਹਨ; ਇਹ ਸੁਖਾਵਾਂ ਮਨੋਰੰਜਨ ਕਰਵਾਉਂਦੇ ਹਨ; ਇਹ ਗੁੰਝਲਦਾਰ ਡੈਟਾ ਬਾਰੇ ਸਰਲ ਵਿਚਾਰ ਦਿੰਦੇ ਹਨ; ਇਹ ਕਲਪਨਾ ਨੂੰ ਉਤੇਜਿਤ ਕਰਦੇ ਹਨ ਅਤੇ ਇਹ ਵਿਦਿਆਰਥੀਆਂ ਦੀ ਨਿਰੀਖਣ ਸ਼ਕਤੀ ਦਾ ਵਿਕਾਸ ਕਰਦੇ ਹਨ। ਵੇਖਣ ਸਹਾਇਕ ਸਾਧਨਾਂ ਦੀ ਜ਼ਿਆਦਾ ਵਿਆਖਿਆ ਕਰਨ ਦੀ ਲੋੜ ਹੋ ਸਕਦੀ ਹੈ ਪਰੰਤੂ ਇਹਨਾਂ ਨੂੰ ਅਨੁਵਾਦਕ ਦੀ ਲੋੜ ਨਹੀਂ ਹੁੰਦੀ। ਇਹ ਰੰਗ, ਰੂਪ ਅਤੇ ਹਰਕਤ ਦੀ ਸਰਵਜਨਕ ਭਾਸ਼ਾ ਬੋਲਦੇ ਹਨ। ਇਹ ਸਿਖਣ ਦੇ ਸ਼ਾਹੀ ਸਾਧਨਾਂ ਵਿਚ ਗਿਣੇ ਜਾਂਦੇ ਹਨ। Bruce Wesley Says that "Audio-Visual Aids, furnish experience; they facilitate the assocaition of object and world they save the pupils time; they provide simple and authentic information; they enrich and extend one's appreciation; they furnish pleasant entertainment; they provide a simplified view

of complicated data; they stimulate the imagination; and they develop the pupil's powers of observation. Visual aids may need explanations, but they do not need translation; they speak a universal language of form, color, position, and motion. They constitute one of the royal roads to learnings." ''ਇਕ ਵਾਰ ਦਿਖਾਉਣਾ ਸੋ ਵਾਰ ਦੱਸਣ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ।'' "One vision is better than hundred times telling."

ਦ੍ਰਿਸ਼ਟੀ-ਸਰੋਤ ਸਾਧਨਾਂ ਦਾ ਮਹੱਤਵ ਹੇਠ ਲਿਖੇ ਕਾਰਨਾਂ ਤੋਂ ਹੋਰ ਵੀ ਸਪੱਸ਼ਟ ਹੁੰਦਾ ਹੈ :-

**2.4.4.1 ਵਿਦਿਆਰਥੀਆਂ ਨੂੰ ਸਿਖਣ ਲਈ ਪ੍ਰੇਰਿਤ ਕਰਦੇ ਹਨ** ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਬਹੁਤ ਰੌਚਕ ਅਤੇ ਪ੍ਰੇਰਨਾਦਾਇਕ ਸਿੱਧ ਹੋਏ ਹਨ। ਇਸ ਦੀ ਵਰਤੋਂ ਨਾਲ ਵਿਦਿਆਰਥੀਆਂ ਵਿਚ ਹੋਰ ਸਿਖਣ ਦੀ ਰੁੱਚੀ ਉਜਾਗਰ ਹੁੰਦੀ ਹੈ। ਕਿਉਂਕਿ ਇਸ ਨਾਲ ਮਜ਼ਮੂਨ ਵਿਚ ਸਪਸ਼ਟਤਾ, ਸਰਲਤਾ, ਰੂਪ ਰੰਗ ਅਤੇ ਹਰਕਤਾਂ ਦੀ ਸਰਵਜਨਕ ਭਾਸ਼ਾ ਦਾ ਪ੍ਰਗਟਾਵਾ ਹੁੰਦਾ ਹੈ। ਚਿੱਤਰ ਦੇਖਣੇ, ਸੈਰ ਕਰਨੀ, ਰੇਡੀਓ ਸੁਣਨਾ, ਟੀ.ਵੀ. ਦੇਖਣਾ ਤੇ ਸੁਣਨਾ, ਅਤੇ ਨਾਟਕ ਦੇਖਣੇ ਆਦਿਕ ਕਿਸ ਨੂੰ ਚੰਗੇ ਨਹੀਂ ਲੱਗਦੇ ? ਇਸ ਲਈ ਇਹਨਾਂ ਸਾਧਨਾਂ ਦੀ ਮਦਦ ਨਾਲ ਵਿਦਿਆਰਥੀ ਨੂੰ ਸਿਖਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਇਹ ਸਾਧਨ ਵਿਦਿਆਰਥੀਆਂ ਦੀ ਉਤਸੁਕਤਾ ਨੂੰ ਸੰਤੁਸ਼ਟ ਕਰਕੇ ਉਹਨਾਂ ਨੂੰ ਹੋਰ ਸਿਖਣ ਦੀ ਵੱਧ ਤੋਂ ਵੱਧ ਪ੍ਰੇਰਨਾ ਪ੍ਰਦਾਨ ਕਰਦੇ ਹਨ।

**2.4.4.2 ਗਿਆਨ ਇੰਦਰੀਆਂ ਆਧਾਰਿਤ ਤਜ਼ਰਬਾ ਅਤੇ ਸਿਖਣ ਪ੍ਰਕਿਰਿਆ** ਸਿਖਣ ਦੀ ਪ੍ਰਕਿਰਿਆ ਵਿਚ ਗਿਆਨ ਇੰਦਰੀਆਂ ਆਧਾਰਿਤ ਅਨੁਭਵ ਦਾ ਡੂੰਘਾ ਸੰਬੰਧ ਹੈ। ਬੱਚੇ ਉੱਨੀ ਦੇਰ ਤੱਕ ਨਵੇਂ ਸ਼ਬਦ ਅਤੇ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਹਾਸਿਲ ਨਹੀਂ ਕਰ ਸਕਦੇ ਜਦੋਂ ਤੱਕ ਉਹ ਉਹਨਾਂ ਦਾ ਸਿੱਧਾ ਅਨੁਭਵ ਮਹਿਸੂਸ ਨਹੀਂ ਕਰਦੇ, ਉਦਾਹਰਨ ਦੇ ਤੌਰ ਤੇ ਖੇਤਾਂ ਦੀ ਸੈਰ, ਡਾਕਘਰ, ਟੈਲੀਫ਼ੋਨ ਐਕਸਚੇਂਜ ਆਦਿਕ ਵਿਚ ਜਾ ਕੇ ਸਿੱਧਾ ਅਨੁਭਵ ਮਹਿਸੂਸ ਨਹੀਂ ਕਰਦੇ। ਬੱਚੇ ਇਹਨਾਂ ਸਥਾਨਾਂ ਬਾਰੇ ਸਹੀ ਗਿਆਨ ਪ੍ਰਾਪਤ ਨਹੀਂ ਕਰ ਸਕਦੇ। ਇਸ ਤਰ੍ਹਾਂ ਨਾਲ ਪ੍ਰਾਪਤ ਕੀਤਾ ਗਿਆਨ ਸਦੀਵੀ ਹੁੰਦਾ ਹੈ। ਬੱਚੇ ਕਦੇ ਵੀ ਨਹੀਂ ਭੁੱਲਦੇ। ਸੋ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਮਹੱਤਵਪੂਰਨ ਹਨ ਜਿਨ੍ਹਾਂ ਦੀ ਉਚਿਤ ਵਰਤੋਂ ਰਾਹੀਂ ਸਮਾਜਿਕ ਅਧਿਐਨ ਨੂੰ ਰੌਚਕ ਬਣਾਇਆ ਜਾ ਸਕਦਾ ਹੈ।

**2.4.4.3 ਕਲਪਨਾ ਅਤੇ ਵਿਚਾਰ ਦੀ ਸ਼ਕਤੀ ਦਾ ਵਿਕਾਸ** ਬਿੰਬ ਸਿਖਿਆ ਦਾ ਇਕ ਮਹਾਨ ਔਜ਼ਾਰ ਹੈ। ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਨਾਲ ਗਿਆਨ-ਇੰਦਰੀਆਂ ਰਾਹੀਂ ਅਨੁਭਵ ਬਿੰਬ ਜਗਾਉਂਦਾ ਹੈ ਜੋ ਜ਼ਬਾਨੀ ਦੱਸਣ ਨਾਲੋਂ, ਦ੍ਰਿਸ਼ ਵਧੇਰੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ। ਜੇਕਰ ਬੱਚਿਆਂ ਨੂੰ 'ਪਹਾੜ' ਦੀ ਤਸਵੀਰ ਦਿਖਾਈ ਜਾਵੇ ਤਾਂ ਉਹ ਕਲਪਨਾ ਵਿਚ ਪਹਾੜ ਤੇ ਪਹੁੰਚਦੇ ਹਨ। ਇਸ ਤਰ੍ਹਾਂ ਦ੍ਰਿਸ਼ਟੀ-ਸਰੋਤ ਸਹਾਇਕ ਕਲਪਨਾ ਨੂੰ ਉਤਸ਼ਾਹ ਬਖਸ਼ਦੇ ਹਨ।

**2.4.4.4 ਪ੍ਰਾਇਮਰੀ ਪੱਧਰ ਤੇ ਬੁਨਿਆਦੀ ਸਾਧਨ** ਪ੍ਰਾਇਮਰੀ ਪੱਧਰ ਤੇ ਬੱਚਿਆਂ ਨੂੰ ਸਿਖਾਉਣ ਲਈ ਪ੍ਰਿੰਟ ਸਮੱਗਰੀ ਨਾਲੋਂ ਜ਼ਿਆਦਾ ਲਾਭ ਇਹਨਾਂ ਸਾਧਨਾਂ ਤੋਂ ਹੁੰਦਾ ਹੈ। ਬੱਚਿਆਂ ਵਿਚ ਲਿਖਣ ਅਤੇ ਪੜ੍ਹਨ ਦੀ ਨਿਪੁੰਨਤਾਵਾਂ ਦਾ ਵਿਕਾਸ ਵੀ ਇਹਨਾਂ ਰਾਹੀਂ ਕੀਤਾ ਜਾ ਸਕਦਾ ਹੈ। ਮੁੱਢਲੇ ਸਾਲਾਂ ਦੌਰਾਨ ਸਮਾਜਿਕ ਅਧਿਐਨ ਦੀ ਸਹੀ ਧਾਰਨਾਂ ਦਾ ਗਿਆਨ ਤਸਵੀਰਾਂ ਰਿਕਾਰਡਿੰਗ, ਚਲ ਚਿੱਤਰ ਫਿਲਮਾਂ ਅਤੇ ਬਾਕੀ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਰਾਹੀਂ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

**2.4.4.5 ਪ੍ਰਤੱਖ ਅਨੁਭਵ ਦੇ ਬਦਲ** :- ਦ੍ਰਿਸ਼ਟੀ-ਸਰੋਤ ਸਹਾਇਕ ਪ੍ਰਤੱਖ ਅਨੁਭਵ ਦਾ ਬਦਲ ਹਨ ਜਾਂ ਉਹਨਾਂ ਦਾ ਸਥਾਨ ਪ੍ਰਾਪਤ ਕਰ ਸਕਦੇ ਹਨ ਜਿਵੇਂ ਕਿ ਜੇਕਰ 'ਝਰਨੇ', 'ਪਹਾੜਾਂ' ਬਾਰੇ ਪੜ੍ਹਾਉਣਾ ਹੈ। ਪ੍ਰਤੱਖ ਅਨੁਭਵ ਤਾਂ ਹੀ ਹੋਵੇਗਾ ਜੇਕਰ ਉਹਨਾਂ ਨੂੰ ਪਹਾੜ ਤੇ ਝਰਨੇ ਤੱਕ ਲਿਜਾਇਆ ਜਾਵੇ ਪਰ ਜੇਕਰ, ਉਹਨਾਂ ਨੂੰ ਪਹਾੜ ਦੀ ਫੋਟੋ, ਜਾਂ ਡਾਕੂਮੈਂਟਰੀ ਫਿਲਮ ਜਾਂ ਚਲ ਚਿੱਤਰ ਦਿਖਾਏ ਜਾਣ ਤਾਂ ਇਹ ਸਾਧਨ ਪ੍ਰਤੱਖ ਅਨੁਭਵ ਦਾ ਬਦਲ ਹੋ ਸਕਣਗੇ। ਪ੍ਰਤੱਖ ਅਨੁਭਵਾਂ ਰਾਹੀਂ ਪ੍ਰਾਪਤ ਕੀਤੇ ਗਿਆਨ ਨਾਲੋਂ ਥੋੜ੍ਹੇ ਸਮੇਂ ਵਿੱਚ ਇਹਨਾਂ ਦਾ ਬਦਲ ਸਾਧਨਾਂ ਦੀ ਵਰਤੋਂ ਰਾਹੀਂ ਗਿਆਨ ਪ੍ਰਦਾਨ ਕੀਤਾ ਜਾ ਸਕਦਾ ਹੈ।

**2.4.4.6 ਪ੍ਰਤੱਖ ਅਨੁਭਵਾਂ ਦੇ ਪੂਰਕ ਰੂਪ ਵਿਚ** ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਗਿਆਨ ਪ੍ਰਾਪਤੀ ਦੇ ਪ੍ਰਤੱਖ ਅਨੁਭਵਾਂ ਦੇ ਪੂਰਕ ਵੀ ਸਿੱਧ ਹੁੰਦੇ ਹਨ। ਬੱਚੇ ਜਦੋਂ 'ਡਾਕ-ਘਰ' ਜਾਂ 'ਬੈਂਕ' ਸੈਰ ਕਰਨ ਜਾਣ ਤਾਂ

ਉਹਨਾਂ ਦੇ ਪ੍ਰਤੱਖ ਤਜਰਬੇ ਪਿਛੋਂ ਉਹਨਾਂ ਨੂੰ ਇਹਨਾਂ ਨਾਲ ਸੰਬੰਧਿਤ ਫ਼ਿਲਮਾਂ, ਜਾਂ ਚਲ ਚਿੱਤਰ ਦਿਖਾਏ ਜਾਣਗੇ ਤਾਂ ਉਹ ਜ਼ਿਆਦਾ ਦਿਲਚਸਪੀ ਲੈਣਗੇ।

**2.4.4.7 ਅਧਿਆਪਨ ਸੂਰਤਾਂ ਦੇ ਅਨੁਕੂਲ ਹਨ** ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਦੀ ਵਰਤੋਂ ਅਧਿਆਪਨ ਸੂਤਰਾਂ ਦੇ ਅਨੁਕੂਲ ਹੁੰਦੀ ਹੈ। 'ਸਥੂਲ ਅਤੇ ਅਸਥੂਲ' ਵਲ ਵਧਣਾ ''ਸਰਲ ਤੋਂ ਗੁੰਝਲਦਾਰ'' ਵਲ ਵਧਣਾ ਅਧਿਆਪਨ ਸੂਤਰ ਹਨ। ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਇਹਨਾਂ ਸੂਤਰਾਂ ਉਤੇ ਆਧਾਰਿਤ ਹੈ। ਜਦੋਂ ਅਧਿਆਪਕ ਜਮਾਤ ਵਿਚ ਇਹਨਾਂ ਸਹਾਇਕ ਸਾਧਨਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ ਤਾਂ ਉਹ ''ਸਰਲ ਤੋਂ ਗੁੰਝਲਦਾਰ'' ਅਤੇ ਸਥੂਲ ਤੋਂ ਅਸਥੂਲ ਵਲ ਵਧ ਰਿਹਾ ਹੁੰਦਾ ਹੈ। ਇਸ ਲਈ ਇਹਨਾਂ ਸਾਧਨਾਂ ਨੂੰ ਮਨੋਵਿਗਿਆਨਿਕ ਸਾਧਨ ਕਿਹਾ ਜਾ ਸਕਦਾ ਹੈ।

**2.4.4.8 ਸਿਖਣ ਵਿਚ ਵੰਨਸੁਵੰਨਤਾ ਲਿਆਉਣ ਵਿਚ ਸਹਾਇਕ** ਅਧਿਆਪਨ ਨੂੰ ਰੌਚਕ ਬਣਾਉਣ ਲਈ ਵੰਨਸੁਵੰਨਤਾ ਲਿਆਉਣੀ ਬੜੀ ਜ਼ਰੂਰੀ ਹੈ। ਹਰੇਕ ਬੱਚੇ ਵਿਚ ਆਪਣੀਆਂ ਵੱਖਰੀਆਂ ਰੁੱਚੀਆਂ, ਲੋੜਾਂ ਦ੍ਰਿਸ਼ਟੀਕੋਣ ਅਤੇ ਯੋਗਤਾਵਾਂ ਹੁੰਦੀਆਂ ਹਨ। ਇਸ ਲਈ ਸਾਰੇ ਬੱਚਿਆਂ ਨੂੰ ਸਿਖਣ ਦਾ ਲਾਭ ਪਹੁੰਚਾਉਣ ਲਈ ਕੇਵਲ ਇਕੋ ਅਧਿਆਪਨ ਸਾਧਨ ਦੀ ਵਰਤੋਂ ਕਰਨੀ ਕਾਫ਼ੀ ਨਹੀਂ ਹੁੰਦੀ। ਸਗੋਂ ਕਈ ਤਰ੍ਹਾਂ ਦੇ ਸਹਾਇਕ ਸਾਧਨ ਵਰਤੇ ਜਾਂਦੇ ਹਨ ਜਿਸ ਨਾਲ ਅਧਿਆਪਨ ਵਿਚ ਵੰਨਸੁਵੰਨਤਾ ਆਉਜਦੀ ਹੈ।

**2.4.4.9 ਬੱਚਿਆਂ ਨੂੰ ਕਾਰਜਸ਼ੀਲ ਬਣਾਉਣ ਵਿਚ ਸਹਾਇਕ** ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਬੱਚਿਆਂ ਨੂੰ ਕਾਰਜਸ਼ੀਲ ਬਣਾਉਣ ਅਤੇ ਉਹਨਾਂ ਨੂੰ ਕਿਰਿਆਵਾਂ ਵਿੱਚ ਲਗਨ ਪੈਦਾ ਕਰਨ ਵਿੱਚ ਸਹਾਇਕ ਹੁੰਦੇ ਹਨ। ਲੈਕਚਰ ਵਿਧੀਆਂ ਪਾਠ-ਪੁਸਤਕ ਵਿਧੀ ਰਾਹੀਂ ਬੱਚੇ ਕਾਰਜਹੀਣ ਹੁੰਦੇ ਹਨ, ਪਰ ਇਹਨਾਂ ਵਿਧੀਆਂ ਨਾਲ ਜੇਕਰ ਦ੍ਰਿਸ਼ਟੀ-ਸਰੋਤ ਸਾਧਨਾਂ ਦੀ ਵਰਤੋਂ ਕੀਤੀ ਜਾਵੇ ਤਾਂ ਬੱਚਿਆਂ ਨੂੰ ਕਾਰਜਸ਼ੀਲ ਬਣਾਇਆ ਜਾ ਸਕਦਾ ਹੈ। ਬੱਚਿਆਂ ਵਿਚ ਨਕਸ਼ੇ ਭਰਨ, ਮਾਡਲ ਅਤੇ ਚਾਰਟ ਬਣਾਉਣ ਕਿਰਿਆਵਾਂ ਕਰਦੇ ਹਨ ਤੇ ਕਾਰਜਸ਼ੀਲ ਹੁੰਦੇ ਹਨ।

**2.4.4.10 ਪੱਛੜੇ ਹੋਏ ਵਿਦਿਆਰਥੀ ਲਈ ਸਹਾਇਕ** ਮਾਨਸਿਕ ਅਤੇ ਬੌਧਿਕ ਤੌਰ ਤੇ ਪੱਛੜੇ ਬੱਚਿਆਂ ਲਈ ਇਹ ਸਹਾਇਕ ਹੁੰਦੇ ਹਨ। ਪਾਠ-ਪੁਸਤਕ ਤੋਂ ਵਿਦਿਆਰਥੀ ਨਹੀਂ ਸਿਖ ਸਕਦੇ। ਉਹ ਇਹਨਾਂ ਸਾਧਨਾਂ ਦੀ ਮਦਦ ਨਾਲ ਛੇਤੀ ਸਿਖ ਸਕਦੇ ਹਨ।

ਸਮਾਜਿਕ ਅਧਿਐਨ ਦੀ ਅਧਿਆਪਨ ਵਿਚ ਦ੍ਰਿਸ਼ਟੀ-ਸਰੋਤ ਸਾਧਨਾਂ ਦੀ ਬਹੁਤ ਮਹੱਤਤਾ ਹੈ ਤੇ ਇਹਨਾਂ ਦੀ ਉਚਿਤ ਵਰਤੋਂ ਸਮਾਜਿਕ ਅਧਿਐਨ ਵਿਸ਼ੇ ਨੂੰ ਪ੍ਰਭਾਵਸ਼ਾਲੀ ਅਤੇ ਰੌਚਕ ਬਣਾਉਂਦੀ ਹੈ। ਵਿਦਿਆਰਥੀ ਦੇ ਗਿਆਨ ਨੂੰ ਪੱਕਾ ਅਤੇ ਯਥਾਰਥਕ ਬਣਾਉਂਦੇ ਹਨ।

**2.4.4.1ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਲੋੜ (Need of Audio-Visual Aid in Teaching Social Stuides)**

ਸਮਾਜਿਕ ਅਧਿਐਨ ਦੇ ਅਧਿਆਪਨ ਵਿਚ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਬਹੁਤ ਲੋੜ ਹੈ। ਸਮਾਜਿਕ ਅਧਿਐਨ ਪ੍ਰੋਗਰਾਮ ਵਿੱਚ ਅਸੀਂ ਬੱਚਿਆਂ ਨੂੰ ਸਾਰੇ ਕਿਸਮ ਦੇ ਮਹੱਤਵਪੂਰਨ ਅਨੁਭਵਾਂ ਦੀ ਪ੍ਰਾਪਤੀ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਅਤੇ ਵਿਸਤਰਿਤ ਕਰਨ ਲਈ ਵੱਖ-ਵੱਖ ਕਿਸਮ ਦੀਆਂ ਵਰਤਮਾਨ ਪ੍ਰਣਾਲੀਆਂ ਦੀ ਵਰਤੋਂ ਕਰਦੇ ਹਨ। ਇਸੇ ਕਾਰਨ ਕਰਕੇ ਵਰਤਮਾਨ ਯੁੱਗ ਦੀ ਵਿਆਖਿਆ ਕਰਨ ਅਤੇ ਇਸ ਦਾ ਪੂਰਨ ਗਿਆਨ ਦੇਣ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਮਾਜਿਕ ਤੱਥਾਂ ਦਾ ਸਥਾਨ ਲੈਣ ਵਾਲੇ ਚਿੱਤਰਾਂ, ਨਕਸ਼ਿਆਂ, ਗ੍ਰਾਫ਼ਾਂ ਅਤੇ ਚਾਰਟਾਂ ਆਦਿ ਸਾਧਨਾਂ ਦਾ ਪ੍ਰਯੋਗ ਕੀਤੇ ਜਾਣ ਦੀ ਲੋੜ ਹੈ :

ਇਹਨਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਨੂੰ ਸਿਰਫ਼ ਸਿਖਣ ਵਿੱਚ ਸਹਾਇਤਾ ਹੀ ਨਹੀਂ ਮਿਲਦੀ ਸਗੋਂ ਉਹਨਾਂ ਨੂੰ ਉਹਨਾਂ ਤੱਥਾਂ ਦਾ ਵੀ ਪਤਾ ਲੱਗਦਾ ਹੈ ਜਿਨ੍ਹਾਂ ਦੀ ਉਹਨਾਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਬਹੁਤ ਲੋੜ ਪੈਂਦੀ ਹੈ।

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਨੂੰ ਹਰ ਘੜੀ ਨਵੇਂ ਵਿਚਾਰ ਗ੍ਰਹਿਣ ਕਰਨ ਲਈ ਜਗਾਇਆ ਜਾਂਦਾ ਹੈ। ਹਰ ਤਰ੍ਹਾਂ ਦੇ ਨਵੇਂ ਹਾਲਾਤ ਵਿਚ ਬੁੱਧੀ ਦਾ ਠੀਕ ਪ੍ਰਯੋਗ ਕੀਤਾ

ਜਾਂਦਾ ਹੈ।

ਸਮਾਜਿਕ ਅਧਿਐਨ ਸਿਖਿਆ ਵਿਚ ਸੰਕਲਪਾਂ ਦੇ ਵਿਕਾਸ, ਦ੍ਰਿਸ਼ਟੀਕੋਣ ਦੇ ਸੁਧਾਰ ਅਤੇ ਰੁੱਚੀਆਂ ਦੇ ਵਿਸਥਾਰ ਲਈ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਬਹੁਤ ਲੋੜ ਹੈ।

ਇਹਨਾਂ ਪਾਠ-ਸਹਾਇਕ ਸਾਧਨਾਂ ਦੀ ਵਰਤੋਂ ਨਾਲ ਵਿਦਿਆਰਥੀ ਕਲਾਸ ਵਿਚ ਪੜ੍ਹਾਏ ਗਏ ਪਾਠ ਨੂੰ ਚੰਗੀ ਤਰ੍ਹਾਂ ਦੇਖ ਸੁਣ ਸਕਦੇ ਹਨ ਅਤੇ ਇਸ ਤਰ੍ਹਾਂ ਉਹਨਾਂ ਲਈ ਸਮੁੱਚੀ ਯੋਜਨਾ ਦਲੀਲ ਸਹਿਤ ਅਤੇ ਸਮੂਹਿਕ ਵਿਚਾਰ-ਵਟਾਂਦਰਾ ਦਾ ਆਧਾਰ ਤਿਆਰ ਹੋ ਜਾਂਦਾ ਹੈ।

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਨਾਲ ਅਸਲੀ ਦ੍ਰਿਸ਼-ਆਵਾਜ਼ ਸਮੱਗਰੀ ਦੀ ਵਰਤੋਂ ਨਾਲ ਵਿਦਿਆਰਥੀਆਂ ਨੂੰ ਮਨੁੱਖ ਦੀਆਂ ਸਾਧਾਰਨ ਕਿਰਿਆਵਾਂ ਅਤੇ ਜ਼ਰੂਰਤਾਂ ਦਾ ਪਤਾ ਲਗਦਾ ਹੈ ਅਤੇ ਉਹ ਪਰਸਪਰ ਇਕ ਦੂਜੇ ਯੋਗਦਾਨ ਦੀ ਕਦਰ ਮਹਿਸੂਸ ਕਰਨ ਲੱਗ ਜਾਂਦੇ ਹਨ ਅਤੇ ਸਮੂਹ ਬਾਰੇ ਉਹਨਾਂ ਵਿਚ ਗੁਣਾਂ ਦਾ ਵਿਕਾਸ ਹੋ ਜਾਂਦਾ ਹੈ।

### 2.4.5 ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦਾ ਵਰਗੀਕਰਨ (Classification of Audio-Visual Aids)

ਕੋਈ ਵੀ ਉਪ-ਵਿਸ਼ਾ ਪੜ੍ਹਾਉਣ ਤੋਂ ਪਹਿਲਾਂ ਉਸ ਦੇ ਸਧਾਰਨ ਉਦੇਸ਼, ਵਿਸ਼ੇਸ਼ ਉਦੇਸ਼, ਢੰਗ ਤੇ ਫ਼ਿਰ ਉਸ ਤੋਂ ਬਾਅਦ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਜਾਂ ਪਾਠ-ਸਹਾਇਕ ਸਮੱਗਰੀ ਦੀ ਚੋਣ ਕਰਨੀ ਹੁੰਦੀ ਹੈ। ਇਹ ਸਾਧਨ ਕਿਹੜੇ ਕਿਹੜੇ ਹੋ ਸਕਦੇ ਹਨ ? ਇਨ੍ਹਾਂ ਬਾਰੇ ਵਿਚਾਰ ਕਰੀਏ।

**ਛੱਪੀ ਹੋਈ ਸਹਾਇਕ ਸਮੱਗਰੀ (Printed Aids or Instructional Aids)** ਇਸ ਕਿਸਮ ਵਿਚ ਉਹ ਸਹਾਇਕ ਸਮੱਗਰੀ ਹੁੰਦੀ ਹੈ ਜੋ ਛਪੀ ਹੋਈ ਹੋਵੇ ਜਿਵੇਂ ਕਿ ਕਿਤਾਬ : ਪਾਠ ਪੁਸਤਕਾਂ ਤੇ ਸੂਚਨਾ ਪੁਸਤਕਾਂ, ਲਿਖਤੀ ਸੋਮਾ, ਅਖਬਾਰ ਅਤੇ ਵੱਖ-ਵੱਖ ਕਿਸਮਾਂ ਦੇ ਰਸਾਲੇ।

**ਵੇਖਣ ਸਹਾਇਕ ਸਮੱਗਰੀ (Visual Aids)** ਵੇਖਣ ਸਹਾਇਕ ਸਮੱਗਰੀ ਉਹ ਹੈ ਜਿਸ ਦਾ ਸੰਬੰਧ ਸਾਡੇ ਵੇਖਣ ਭਾਵ ਅੱਖਾਂ ਨਾਲ ਹੁੰਦਾ ਹੈ ਜਿਨ੍ਹਾਂ ਨੂੰ ਅਸੀਂ ਸਿਰਫ਼ ਵੇਖ ਸਕਦੇ ਹਾਂ ਜਿਵੇਂ ਵੱਖ-ਵੱਖ ਕਿਸਮ ਦੇ ਬੋਰਡ, ਚਾਰਟ ਗਰਾਫ਼ ਅਤੇ ਡਾਇਆਗ੍ਰਾਮ, ਤਸਵੀਰਾਂ, ਮਾਡਲ, ਗਲੋਬ, ਨਕਸ਼ੇ ਤੇ ਐਟਲਸ, ਅਜਾਇਬ ਘਰ, ਸੈਰ ਸਪਾਟੇ, ਐਪੀਡਾਇਸਰੋਪ ਅਤੇ ਪ੍ਰੋਜੈਕਟਰ।

**ਸੁਣਨ ਸਹਾਇਕ ਸਮੱਗਰੀ (Audio-Aids)** ਸੁਣਨ ਸਹਾਇਕ ਸਮੱਗਰੀ ਉਹ ਹੈ ਜਿਸ ਦਾ ਸਬੰਧ ਸੁਣਨ ਨਾਲ ਭਾਵ ਕੰਨ ਨਾਲ ਹੈ ਜਿਵੇਂ ਟੇਪ ਰਿਕਾਰਡ, ਰੇਡੀਓ, ਫੋਨੋਗ੍ਰਾਫ਼ ਅਤੇ ਡਿਸਕ।

**ਦੇਖਣ-ਸੁਣਨ ਸਹਾਇਕ ਸਮੱਗਰੀ (Audio-Visual Aids)** ਇਹ ਉਹ ਸਹਾਇਕ ਸਮੱਗਰੀ ਹੈ ਜਿਸ ਵਿਚ ਅੱਖਾਂ ਅਤੇ ਕੰਨਾਂ ਦੋਵੇਂ ਗਿਆਨ ਇੰਦਰੀਆਂ ਦਾ ਸੁਮੇਲ ਹੁੰਦਾ ਹੈ। ਇਸ ਟੀ.ਵੀ. ਫ਼ਿਲਮਾਂ, ਡਾਕੂਮੈਂਟਰੀ ਫਿਲਮਾਂ, ਵੀ.ਸੀ.ਆਰ. ਸਮੇਤ ਬਾਕੀ ਪਾਠ ਸਹਾਇਕ ਸਮੱਗਰੀ ਜਿਸ ਨੂੰ ਦੇਖਿਆ ਅਤੇ ਸੁਣਿਆ ਵੀ ਜਾਵੇ ਇਸ ਵਿਚ ਸ਼ਾਮਲ ਹਨ।

ਦ੍ਰਿਸ਼ਟੀ ਸਰੋਤ ਸਹਾਇਕ ਸਾਧਨਾਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੋ ਸਕਦਾ ਹੈ।

**ਨਾਨ-ਪ੍ਰਾਜੈਕਟਿਵ ਪੜ੍ਹਾਉਣ ਸਹਾਇਕ ਸਮੱਗਰੀ ਜਿਵੇਂ :**

ਵੱਖ-ਵੱਖ ਕਿਸਮ ਦੇ ਬੋਰਡ, ਚਾਰਟ, ਗਰਾਫ਼ ਅਤੇ ਡਾਇਆਗ੍ਰਾਮ ਤਸਵੀਰਾਂ, ਮਾਡਲ, ਗਲੋਬ, ਨਕਸ਼ੇ ਤੇ ਐਟਲਸ, ਅਜਾਇਬ ਘਰ, ਸੈਰ ਸਪਾਟੇ ਆਦਿ।

**ਪ੍ਰਾਜੈਕਟਿਵ ਪੜ੍ਹਾਉਣ ਸਹਾਇਕ ਸਮੱਗਰੀ ਜਿਵੇਂ :**

ਓਵਰ ਹੈਡ ਪ੍ਰਾਜੈਕਟਰ, ਸਲਾਇਡ ਪ੍ਰਾਜੈਕਟਰ, ਫਿਲਮਾਂ ਅਤੇ ਫਿਲਮ ਸਕਰੀਪਟ ਆਦਿ।

### 2.4.5.1ਨਾਨ-ਪ੍ਰਾਜੈਕਟਿਵ

**2.4.***5.2 ਚਾਕ ਬੋਰਡ (Chalk Board) :* **ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਵਿਚ ਸਭ ਤੋਂ ਪੁਰਾਣਾ ਅਤੇ ਸਭ ਤੋਂ ਵੱਧ ਵਰਤੇ ਜਾਣ ਵਾਲੇ ਸਾਧਨ ਹਨ। ਇਹ ਹਰ ਸ਼੍ਰੇਣੀ ਕਮਰੇ ਵਿਚ ਹੋਣਾ ਚਾਹੀਦਾ ਹੈ। ਪਹਿਲਾਂ ਇਸ ਦਾ ਰੰਗ ਸਿਰਫ਼ ਕਾਲਾ ਹੀ ਹੁੰਦਾ ਸੀ ਇਸ ਲਈ ਇਸ ਨੂੰ 'ਚਾਕ-ਬੋਰਡ' ਕਿਹਾ**

**ਜਾਂਦਾ ਹੈ। ਅੱਜਕਲ ਕਈ ਰੰਗਾਂ ਜਿਵੇਂ ਹਰਾ ਆਦਿਕ ਵਿਚ ਵੀ ਮਿਲਦਾ ਹੈ। ਇਸ ਸਾਧਨ ਦੀ ਵਰਤੋਂ ਉਪ-ਵਿਸ਼ਾ ਲਿਖਣ, ਡਾਇਆਗ੍ਰਾਮ, ਗ੍ਰਾਫ਼ ਅਤੇ ਨਕਸ਼ੇ ਵਾਉਣ, ਪਾਠ ਦੇ ਮਹੱਤਵਪੂਰਨ ਤੱਥ ਲਿਖਣ ਅਤੇ ਉਪ-ਵਿਸ਼ੇ ਦਾ ਸਾਰ ਲਿਖਣ ਲਈ ਕੀਤੀ ਜਾ ਸਕਦੀ ਹੈ।**

ਚਾਕ-ਬੋਰਡ ਦੀ ਉਚਿਤ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ : ਚਾਕ-ਬੋਰਡ ਵਿਦਿਆਰਥੀ ਅਤੇ ਅਧਿਆਪਕਾਂ ਲਈ ਬਹੁਤ ਹੀ ਮਹੱਤਵਪੂਰਨ ਸਾਧਨ ਹੈ। ਇਸ ਦੀ ਸਹਾਇਤਾ ਨਾਲ ਅਧਿਆਪਕ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾ ਸਕਦਾ ਹੈ, ਇਹ ਚਾਕ-ਬੋਰਡ ਦੀ ਸਹੀ ਵਰਤੋਂ ਦੁਆਰਾ ਹੀ ਸੰਭਵ ਹੋ ਸਕਦਾ ਹੈ। ਇਸ ਦੀ ਉਚਿਤ ਵਰਤੋਂ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਚਾਕ-ਬੋਰਡ :

- ਨੂੰ ਸਾਫ਼ ਰੱਖਣਾ ਚਾਹੀਦਾ ਹੈ।
- ਉਤੇ ਸੁੰਦਰ ਲਿਖਣਾ ਚਾਹੀਦਾ ਹੈ।
- ਦੀ ਸਥਿਤੀ ਦਾ ਧਿਆਨ ਰੱਖਣਾ ਚਾਹੀਦਾ ਹੈ।
- ਉਪਰ ਸਿੱਧੀ ਰੇਖਾਵਾਂ ਵਿਚ ਲਿਖਣਾ ਚਾਹੀਦਾ ਹੈ।
- ਉਪਰ ਅੱਖਰਾਂ ਦੀ ਮੋਟਾਈ ਉਚਿਤ ਹੋਣੀ ਚਾਹੀਦੀ ਹੈ।
- ਉਤੇ ਸਿਰਫ ਸਾਰ ਜਾਂ ਕੁਝ ਖ਼ਾਸ-ਖ਼ਾਸ ਤੱਥ ਹੀ ਲਿਖਣੇ ਚਾਹੀਦੇ ਹਨ।
- ਅੱਗੇ ਅਧਿਆਪਕ ਨੂੰ ਨਹੀਂ ਖੜ੍ਹਨਾ ਚਾਹੀਦਾ, ਲਿਖਦੇ ਸਮੇਂ ਵਿਦਿਆਰਥੀਆਂ ਵੱਲ ਵੀ ਧਿਆਨ ਰੱਖਣਾ ਚਾਹੀਦਾ ਹੈ।
- ਦੇ ਰੰਗ ਦੇ ਅਨੁਸਾਰ ਚਾਕ ਵਰਤਣੇ ਚਾਹੀਦੇ ਹਨ। ਅੱਜ ਕੱਲ ਛੋਟੇ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਰੰਗ ਬਰੰਗੇ ਚਾਕ ਮਿਲਦੇ ਹਨ ਜਿਨ੍ਹਾਂ ਵਰਤੋਂ ਕਰਨੀ ਚਾਹੀਦੀ ਹੈ।

**ਬੁਲੇਟਿਨ ਬੋਰਡ** ਇਹ ਆਮ ਬੋਰਡ ਦੀ ਤਰ੍ਹਾਂ ਹੁੰਦਾ ਹੈ। ਆਮ ਤੌਰ ਤੇ ਫਰੇਮ ਕੀਤਾ ਹੋਇਆ ਹੁੰਦਾ ਹੈ, ਇਸਨੂੰ ਅੱਗੋਂ ਸ਼ੀਸ਼ੇ ਦੇ ਢੱਕਣ ਦੁਆਰਾ ਵੀ ਢਕਿਆ ਹੋ ਸਕਦਾ ਹੈ। ਬੁਲੇਟਿਨ ਬੋਰਡ ਦੀ ਸਮਾਜਿਕ ਅਧਿਐਨ ਲਈ ਬਹੁਤ ਮਹੱਤਤਾ ਹੈ। ਇਸ ਦੀ ਉਚਿਤ ਵਰਤੋਂ ਨਾਲ ਵਿਦਿਆਰਥੀਆਂ ਵਿਚ ਚੰਗੇ ਵਿਚਾਰ, ਚੰਗੇ ਗੁਣ ਅਤੇ ਸਹੀ ਦ੍ਰਿਸ਼ਟੀਕੋਣ ਦਾ ਵਿਕਾਸ ਕੀਤਾ ਜਾ ਸਕਦਾ ਹੈ। ਬੁਲੇਟਿਨ ਬੋਰਡ ਦੀ ਵਰਤੋਂ, ਤਸਵੀਰਾਂ, ਚਾਰਟ ਪੋਸਟਰ, ਕਾਰਟੂਨ ਫ਼ੋਟੋਆਂ ਅਤੇ ਅਖ਼ਬਾਰ ਜਾਂ ਰਸਾਲੇ ਲਈ ਲਈਆਂ ਗਈਆਂ ਕਟਿੰਗ ਆਦਿਕ ਅਤੇ ਇਸ ਤੇ 'ਅੱਜ ਦਾ ਵਿਚਾਰ', ਸਿਰਲੇਖ ਹੇਠ ਚੰਗੇ ਵਿਚਾਰ ਲਿਖਣ ਲਈ ਵਰਤੋਂ ਕੀਤੀ ਜਾਂਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਬੁਲੇਟਿਨ ਬੋਰਡ ਦੀ ਥਾਂ ਸਕੂਲ ਵਿਚ ਕਿਥੇ ਹੋਣੀ ਚਾਹੀਦੀ ਹੈ। ਇਸ ਬੋਰਡ ਦੀ ਸਥਾਪਨਾ ਸਕੂਲ ਵਿਚ ਅਜਿਹੇ ਸਥਾਨ ਤੇ ਹੋਣੀ ਚਾਹੀਦੀ ਹੈ ਜਿਥੇ ਵਿਦਿਆਰਥੀ ਆਸਾਨੀ ਨਾਲ ਇਸ ਨੂੰ ਵੇਖ ਅਤੇ ਪੜ੍ਹ ਸਕਣ। ਬੁਲੇਟਿਨ ਬੋਰਡ ਸਮਾਜਿਕ ਅਧਿਐਨ ਦੀ ਪ੍ਰਯੋਗਸ਼ਾਲਾ ਜਾਂ ਕਮਰੇ ਵਿਚ ਵੀ ਹੋ ਸਕਦੀ ਹੈ। ਸਕੂਲ ਵਿਚ ਦੋ ਸਥਾਨਾਂ ਤੇ ਬੁਲੇਟਿਨ ਬੋਰਡ ਹੋਣੇ ਚਾਹੀਦੇ ਹਨ। ਇਕ ਸਮਾਜਿਕ ਅਧਿਐਨ ਦੇ ਕਮਰੇ ਵਿਚ ਅਤੇ ਦੂਜਾ ਸਕੂਲ ਵਿਚ ਆਮ ਸਥਾਲ ਤੇ। ਬੁਲੇਟਿਨ ਬੋਰਡ ਦੀ ਉਚਿਤ ਵਰਤੋਂ ਰਾਹੀਂ ਵਿਦਿਆਰਥੀਆਂ ਵਿਚ ਰਚਨਾਤਮਿਕ ਅਤੇ ਸਿਰਜਨਾਤਮਿਕ ਗੁਣਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ।

**ਫਲੈਨਲ ਬੋਰਡ (Flannel Board)** ਇਸਨੂੰ ਪੋਰਟੇਬਲ (Portable) ਬੋਰਡ ਵੀ ਕਿਹਾ ਜਾ ਸਕਦਾ ਹੈ। ਇਸ ਦੇ ਉਪਰਲੇ ਅਤੇ ਹੇਠ ਦੇ ਹਿੱਸੇ ਤੇ ਲਕੜੀ ਲੱਗੀ ਹੁੰਦੀ ਹੈ ਅਤੇ ਫਲੈਨਲ ਕਪੜਾ ਵੀ ਲੱਗਿਆ ਹੁੰਦਾ ਹੈ। ਇਸ ਨੂੰ ਕਲਾਸ ਵਿਚ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ ਹੈ। ਇਤਿਹਾਸ ਦੇ ਕਿਸੇ ਉਪ-ਵਿਸ਼ੇ ਨਾਲ ਸੰਬੰਧਿਤ ਸਮਾਂ ਰੇਖਾ, ਭੂਗੋਲ ਦੇ ਨਕਸ਼ੇ, ਡਾਇਆਗ੍ਰਾਮ, ਪਹਾੜ ਜਾਂ ਝਰਨੇ ਦੀ ਤਸਵੀਰ ਨੂੰ ਵਿਖਾਇਆ ਜਾ ਸਕਦਾ ਹੈ। ਇਸ ਦੀ ਵਰਤੋਂ ਨਾਲ ਚਾਕ-ਬੋਰਡ ਲਿਖਣ ਨਾਲੋਂ ਘੱਟ ਸਮਾਂ ਲਗਦਾ ਹੈ ਤੇ ਜਿਹੜੇ ਵਿਦਿਆਰਥੀ ਪਿਛੇ ਬੈਠੇ ਹੁੰਦੇ ਹਨ ਉਹ ਵੀ ਇਸ ਦਾ ਲਾਭ ਉਠਾ ਸਕਦੇ ਹਨ। ਫਲੈਨਲ ਬੋਰਡ ਦੀ ਵਰਤੋਂ ਨਾਲ ਅਧਿਆਪਕ ਵਿਸ਼ੇ ਨੂੰ ਜ਼ਿਆਦਾ ਪ੍ਰਬੀਨਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾ ਸਕਦਾ ਹੈ ਅਤੇ ਇਸ ਦੀ ਵਰਤੋਂ ਰਾਹੀਂ ਵਿਦਿਆਰਥੀਆਂ ਨੂੰ ਚੁਸਤ ਅਤੇ ਪ੍ਰੇਰਿਤ ਕੀਤਾ ਜਾ ਸਕਦਾ ਹੈ। ਅਧਿਆਪਕ ਅਤੇ ਵਿਦਿਆਰਥੀਆਂ ਲਈ ਅਧਿਆਪਨ ਨੂੰ ਸੌਖਾ ਬਣਾਉਂਦਾ ਹੈ।

**ਮੈਗਨੈਟਿਕ ਬੋਰਡ (Magnetic Board)** ਇਸ ਦੀ ਵਰਤੋਂ ਰਾਡ (rode) ਨਾਲ ਕੀਤੀ ਜਾਂਦੀ ਹੈ। ਇਸ ਵਿਚ ਕੁਝ ਰਾੜਾਂ ਉਪਰ ਲਿਖ ਲਿਆ ਜਾਂਦਾ ਹੈ ਜਾਂ ਰੇਖ ਚਿੱਤਰ, ਨਕਸ਼ੇ ਨੂੰ ਬਣਾਇਆ ਜਾ ਸਕਦਾ ਹੈ। ਇਹ ਰਾਡ ਬੋਰਡ ਤੇ ਚਿਪਕ ਜਾਂਦੀ ਹੈ ਪਾਠ ਖਤਮ ਹੋਣ ਤੇ ਇਸ ਰਾਡ ਨੂੰ ਹੇਠਾਂ ਡੇਗ ਦਿੱਤਾ ਜਾਂਦਾ ਹੈ। ਮੈਗਨੈਟਿਕ ਬੋਰਡ ਬੜਾ ਹੀ ਮਹੱਤਵਪੂਰਨ ਹੈ।

ਆਪ ਕਾਗਜ਼ ਉਪਰ ਲਿਖ ਕੇ ਡਾਇਆਗ੍ਰਾਮ ਆਦਿਕ ਬਣਾ ਵੀ ਚਾਰੇ ਕੋਨਿਆਂ ਉਪਰ ਮੈਗਨੈਟ ਦੇ ਪੀਸ ਲਗਾ ਕੇ ਵਰਤਿਆ ਜਾ ਸਕਦਾ ਹੈ। ਬੋਰਡ ਦੇ ਨਾਲ ਪੂਰੇ ਸਮਾਨ ਦੀ ਕਿੱਟ ਮਿਲਦੀ ਹੈ।

**ਚਿੱਟਾ ਬੋਰਡ (White Board)** ਇਹ ਬੋਰਡ ਚਿੱਟੇ ਰੰਗ ਦਾ ਹੁੰਦਾ ਹੈ ਇਸ ਉਪਰ ਬਹੁਤ ਹੀ ਆਸਾਨੀ ਨਾਲ ਲਿਖਿਆ ਜਾਂਦਾ ਹੈ। ਇਸ ਬੋਰਡ ਲਈ ਵਰਤੇ ਜਾਣ ਵਾਲੇ ਸਮਾਨ ਦੀ ਕਿੱਟ ਮਿਲਦੀ ਹੈ। ਇਸ ਬੋਰਡ ਉੱਪਰ ਆਸਾਨੀ ਲਿਖਿਆ ਜਾਂਦਾ ਹੈ। ਇਸ ਬੋਰਡ ਉੱਪਰ ਲਿਖਿਆ ਜਾਂ ਬਣਾਇਆ ਨਕਸ਼ਾ ਆਦਿਕ ਮਿਟਾਉਣਾ ਵੀ ਔਖਾ ਹੁੰਦਾ ਹੈ ਜਿਨ੍ਹਾਂ ਅਧਿਆਪਕਾਂ ਨੂੰ ਚਾਕ ਦੀ ਵਰਤੋਂ ਤੋਂ ਪਰਹੇਜ਼ ਹੁੰਦਾ ਹੈ ਉਹ ਵੀ ਇਸ ਨੂੰ ਆਸਾਨੀ ਨਾਲ ਵਰਤ ਸਕਦੇ ਹਨ।

***2.4.5.3 ਨਕਸ਼ੇ (Maps) :*** ਸਮਾਜਿਕ ਅਧਿਐਨ ਦੇ ਅਧਿਆਪਨ ਲਈ ਨਕਸ਼ੇ ਵੇਖਣਾ ਸਹਾਇਕ ਸਾਧਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਹਨ। ਜੇਕਰ ਇਹ ਕਿਹਾ ਜਾਵੇ ਕਿ ਨਕਸ਼ੇ ਤੇ ਐਟਲਸ ਸਮਾਜਿਕ ਅਧਿਐਨ ਦੇ ਅਧਿਆਪਨ ਲਈ ਸਹਾਇਕ ਸਮੱਗਰੀ ਹੀ ਨਹੀਂ ਸਗੋਂ ਜ਼ਰੂਰੀ ਸਮੱਗਰੀ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਨਕਸ਼ਿਆਂ ਤੇ ਐਟਲਸ ਦੀ ਵਰਤੋਂ ਸਿਰਫ਼ ਭੂਗੋਲ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਇਤਿਹਾਸ ਦੇ ਅਧਿਆਪਨ ਲਈ ਵੀ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਮਾਜਿਕ ਅਧਿਐਨ ਪੜਾਉਣ ਦੇ ਉੱਦੇਸ਼ ਦੀ ਪ੍ਰਾਪਤੀ ਕਾਫ਼ੀ ਨਕਸ਼ਿਆਂ ਅਤੇ ਐਟਲਸ ਦੀ ਵਰਤੋਂ ਰਾਹੀਂ ਕੀਤੀ ਜਾ ਸਕਦੀ ਹੈ।

ਬੱਚਿਆਂ ਲਈ ਜਿਵੇਂ ਇਸ ਵਿਸ਼ੇ ਦੀ ਪਾਠ-ਪੁਸਤਕਾਂ ਦਾ ਹੋਣਾ ਲਾਜ਼ਮੀ ਹੈ ਉਸੇ ਤਰ੍ਹਾਂ ਕਰਕੇ ਬੱਚੇ ਕੋਲ ਆਪਣੀ ਐਟਲਸ ਹੋਣੀ ਚਾਹੀਦੀ ਹੈ। ਐਟਲਸ ਵਿਚ ਨਕਸ਼ੇ ਦਾ ਨਾਲ ਨਾਲ ਪ੍ਰਿੰਟ ਸਮੱਗਰੀ ਵੀ ਹੁੰਦੀ ਹੈ ਜਿਹੜੀ ਵਿਦਿਆਰਥੀ ਲਈ ਕਾਫ਼ੀ ਲਾਭਵੰਦ ਹੁੰਦੀ ਹੈ। ਨਕਸ਼ਾ ਅਤੇ ਐਟਲਸ ਹਰ ਵਿਦਿਆਰਥੀ ਨੂੰ ਪੜ੍ਹਨ ਦੀ ਜਾਂਚ ਸਿਖਾਉਣੀ ਚਾਹੀਦੀ ਹੈ ਤਾਂ ਕਿ ਉਹ ਚਿੰਨ੍ਹਾਂ ਅਤੇ ਲਕੀਰਾਂ ਨੂੰ ਸਮਝ ਸਕਣ।

**ਨਕਸ਼ਿਆਂ ਦੀਆਂ ਕਿਸਮਾਂ** : ਨਕਸ਼ਿਆਂ ਦੀਆਂ ਕਈ ਕਿਸਮਾਂ ਹਨ ਜੋ ਇਸ ਤਰ੍ਹਾਂ ਹਨ

**(1) ਧਰਾਤਲ ਨਕਸ਼ੇ (Relief Maps)** ਇਹਨਾਂ ਨਕਸ਼ਿਆਂ ਵਿਚ ਧਰਾਤਾਲ ਬਾਰੇ ਦੱਸਿਆ ਜਾਂਦਾ ਹੈ ਜਿਸ ਵਿਚ ਪਹਾੜਾਂ, ਬਨਾਸਪਤੀ, ਨਦੀਆਂ ਆਦਿ ਬਾਰੇ ਹਨ।



ਧਰਾਤਲ ਨਕਸ਼ਾ -1

**ਰਾਜਨੀਤਿਕ ਨਕਸ਼ੇ (Political Maps)** ਰਾਜਨੀਤਿਕ ਨਕਸ਼ੇ ਵਿਚ ਸੰਸਾਰ ਦੇ ਵੱਖ-ਵੱਖ ਦੇਸ਼ਾਂ ਅਤੇ ਰਾਜਧਾਨੀਆਂ ਦਿੱਤੀਆਂ ਹੁੰਦੀਆਂ ਹਨ। ਕਿਸੇ ਮਹਾਂਦੀਪ ਵਿਚ ਆਉਣ ਵਾਲੇ ਦੇਸ਼ਾਂ ਦੀ ਰਾਜਨੀਤਿਕ ਵੰਡ, ਇਕ ਕਿਸੇ

ਦੇਸ਼ ਦੀਆਂ ਰਾਜਾਂ ਦੀ ਰਾਜਨੀਤਿਕ ਵੰਡ ਹੁੰਦੀ ਹੈ। ਉਦਾਹਰਨ ਦੇ ਤੌਰ ਤੇ ਭਾਰਤ ਦੀ ਰਾਜਨੀਤਿਕ ਵੰਡ ਦੇ ਨਕਸ਼ੇ ਵਿੱਚ ਵੱਖ ਰਾਜਾਂ ਦੀ ਸੀਮਾ ਅਤੇ ਰਾਜਧਾਨੀਆਂ ਦਾ ਜ਼ਿਕਰ ਹੁੰਦਾ ਹੈ।

**ਫਲੈਟ ਨਕਸ਼ੇ (Flat Maps)** ਫਲੈਟ ਨਕਸ਼ੇ ਉਹ ਹੁੰਦੇ ਹਨ ਜਿਹਨਾਂ ਵਿੱਚ ਇਕ ਵਿਸ਼ੇਸ਼ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਖਾਇਆ ਜਾਵੇ, ਜਿਵੇਂ ਭਾਰਤ ਵਿੱਚ ਦੇ ਨਕਸ਼ੇ ਵਿਚ ਹਵਾਈ ਮਾਰਗ, ਰੇਲਵੇ ਲਾਈਨਾਂ ਅਤੇ ਸੜਕਾਂ ਦਾ ਨਕਸ਼ਾ ਆਦਿਕ।

**ਰੇਖਾ ਨਕਸ਼ੇ (Sketch Maps)** ਰੇਖਾ ਨਕਸ਼ੇ ਉਹ ਹੁੰਦੇ ਹਨ ਜਿਨ੍ਹਾਂ ਵਿਚ ਧਰਤੀ ਦੇ ਕਿਸੇ ਭਾਗ ਦੀਆਂ ਵਿਸ਼ੇਸ਼ਤਾਵਾਂ ਨੂੰ ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਕਿ ਜਿੱਤਾਂ ਪ੍ਰਾਪਤ ਕੀਤੀਆਂ ਦਾ ਨਕਸ਼ਾ, ਕਾਰਖ਼ਾਨਿਆਂ ਬਾਰੇ ਜਾਣਕਾਰੀ ਦਾ ਨਕਸ਼ਾ, ਅਤੇ ਉਥੋਂ ਦੀਆਂ ਫ਼ਸਲਾਂ ਬਾਰੇ ਨਕਸ਼ਾ ਆਦਿਕ ਉਪ-ਵਿਸ਼ਾ ਪੜ੍ਹਾਉਣਾ ਹੋਵੇ ਤਾਂ ਵਿਦਿਆਰਥੀਆਂ ਨੂੰ ਪਹਿਲੇ ਖਾਲੀ ਨਕਸ਼ੇ ਵਿਚ ਸਥਾਨ ਵਿਖਾਏ ਜਾਣਗੇ। ਨਕਸ਼ੇ ਦੀ ਸਹੀ ਵਰਤੋਂ ਨਾਲ ਸੰਬੰਧਿਤ ਕੁਝ ਗੱਲਾਂ ਹੇਠ ਲਿਖੀਆਂ ਹਨ :

(ੳ) ਨਕਸ਼ੇ ਵਿੱਚ ਦਿਸ਼ਾਵਾਂ ਨੂੰ ਠੀਕ ਸਮਝਾਉਣਾ ਚਾਹੀਦਾ ਹੈ।

(ਅ) ਨਕਸ਼ੇ ਦੇ ਪੈਮਾਨੇ ਨੂੰ ਸਮਝਾਉਣਾ ਚਾਹੀਦਾ ਹੈ।

(ੲ) ਸਿਰਫ਼ ਪਾਠ ਨਾਲ ਸੰਬੰਧਿਤ ਨਕਸ਼ੇ ਦਿਖਾਉਣੇ ਚਾਹੀਦੇ ਹਨ।

(ਸ) ਨਕਸ਼ੇ ਦਾ ਸੰਬੰਧ ਵਿਦਿਆਰਥੀ ਦੇ ਜੀਵਨ ਨਾਲ ਹੋਣਾ ਚਾਹੀਦਾ ਹੈ। ਉਦਾਹਰਨ ਦੇ ਤੌਰ ਤੇ ਵਿਦਿਆਰਥੀਆਂ ਨੂੰ ਨਕਸ਼ੇ ਪ੍ਰਤੀ ਪ੍ਰੇਰਿਤ ਕਰਨ ਤੇ ਸਹੀ ਜਾਣਕਾਰੀ ਲਈ ਪਹਿਲਾਂ ਸਥਾਨਿਕ ਨਕਸ਼ਾ, ਰਾਜ, ਦੇਸ਼, ਮਹਾਂਦੀਪ ਫਿਰ ਸਾਰੇ ਸੰਸਾਰ ਦਾ ਨਕਸ਼ਾ ਦਿਖਾਉਣਾ ਚਾਹੀਦਾ ਹੈ। ਇਸ ਤਰ੍ਹਾਂ ਪਟਿਆਲੇ ਦੇ ਬੱਚਿਆਂ ਨੂੰ ਪਟਿਆਲੇ ਜ਼ਿਲ੍ਹੇ ਦਾ, ਪੰਜਾਬ ਦਾ, ਭਾਰਤ ਦਾ, ਏਸ਼ੀਆ ਮਹਾਂਦੀਪ ਦਾ ਅਤੇ ਸੰਸਾਰ ਦਾ ਨਕਸ਼ਾ ਦਿਖਾਉਣਾ ਚਾਹੀਦਾ ਹੈ।

(ਹ) ਨਕਸ਼ੇ ਤਾਜ਼ੀ (Up-to-date) ਜਾਣਕਾਰੀ ਵਾਲੇ ਹੋਣੇ ਚਾਹੀਦੇ ਹਨ। ਜਿਵੇਂ ਪੰਜਾਬ ਦਾ ਨਕਸ਼ਾ ਨਵੇਂ ਜ਼ਿਲਿਆਂ ਸਮੇਤ ਹੋਣਾ ਚਾਹੀਦਾ ਹੈ।

ਸਮਾਜਿਕ ਅਧਿਐਨ ਦੇ ਅਧਿਆਪਨ ਲਈ ਨਕਸ਼ੇ ਅਤੇ ਐਟਲਸ ਬਹੁਤ ਹੀ ਲਾਭਦਾਇਕ ਅਤੇ ਪ੍ਰਭਾਵਸ਼ਾਲੀ ਸਹਾਇਕ ਸਮੱਗਰੀ ਹੈ।

2.4.***5.4 ਚਾਰਟ (Chart) :*** ਚਾਰਟ ਪ੍ਰਭਾਵਸ਼ਾਲੀ ਸਿਖਿਆ ਲਈ ਬੜੇ ਹੀ ਮਹੱਤਵਪੂਰਨ ਹਨ ਇਹ ਕਾਫ਼ੀ ਲਾਭਦਾਇਕ ਤਾਂ ਹੈ ਹੀ ਸਗੋਂ ਸਸਤੇ ਵੀ ਹਨ। ਇਹ ਵੱਖ-ਵੱਖ ਘਟਨਾਵਾਂ ਨੂੰ ਸਹੀ ਢੰਗ ਨਾਲ ਦਰਸਾਉਂਦੇ ਹਨ। ਇਹ ਬੱਚਿਆਂ ਵਿਚ ਸਮਾਂ ਅਤੇ ਸਥਾਨ ਸੂਝ ਵਿੱਚ ਸਹਾਈ ਹੁੰਦੇ ਹਨ। ਇਤਿਹਾਸ ਵਿਚ ਆਮ ਤੌਰ ਤੇ ਮਹੱਤਵਪੂਰਨ ਘਟਨਾਵਾਂ ਅਤੇ ਤਰੀਕਾ ਯਾਦ ਰੱਖਣਾ ਸੋਖਾ ਬਣਾਉਂਦੇ ਹਨ। ਚਾਰਟ ਕਈ ਕਿਸਮ ਦੇ ਹੋ ਸਕਦੇ ਹਨ :

ਵੰਸ਼ ਕ੍ਰਮ ਚਾਰਟ (Genealogical Chart)

ਵਹਿਣ ਚਾਰਟ (Flow Chart)

ਕਾਲ-ਕ੍ਰਮ ਅਨੁਸਾਰ ਚਾਰਟ (Chronological Chart)

ਵਰਗੀਕਰਨ ਵਾਲਾ ਚਾਰਟ (Classification Chart)


ਸਮਾਜਿਕ ਅਧਿਐਨ ਵਿਚ ਸਭ ਤੋਂ ਵੱਧ ਵੰਸ਼-ਕ੍ਰਮ ਚਾਰਟ ਅਤੇ ਘਟਨਾ ਚਾਰਟਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਵੰਸ਼ ਕ੍ਰਮ ਚਾਰਟ** : ਵੰਸ਼ ਕ੍ਰਮ ਚਾਰਟ ਕਿਸੇ ਸ਼ਾਹੀ ਖ਼ਾਨਦਾਨ ਦੇ ਵਿਕਾਸ ਨੂੰ ਵਿਖਾਉਣ ਲਈ ਵਰਤਿਆ ਜਾ ਸਕਦਾ ਹੈ। ਵੰਸ਼ ਕ੍ਰਮ ਚਾਰਟ ਨੂੰ ਕਈ ਤਰੀਕਿਆ ਨਾਲ ਬਣਾਇਆ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਬਾਬਰ ਦਾ ਪੁੱਤਰ ਹਮਾਯੂੰ ਤੇ ਬਾਕੀ ਹੋਰ ਤੇ ਫਿਰ ਹਮਾਯੂੰ ਦਾ ਪੁੱਤਰ ਅਕਬਰ ਆਦਿਕ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ ਸੰਬੰਧੀ ਇਹ ਚਾਰਟ ਬਣਾਇਆ ਜਾ ਸਕਦਾ ਹੈ।


**ਵਹਿਣ ਚਾਰਟ** : ਇਹ ਚਾਰਟ ਕਿਸੇ ਸੰਸਥਾ ਜਾਂ ਸੰਗਠਨ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਦਰਸਾਉਣ ਲਈ ਵਰਤੇ ਜਾਂਦੇ ਹਨ। ਸਰਕਾਰੀ ਵਿਭਾਗਾਂ ਦੇ ਪ੍ਰਬੰਧ ਅਤੇ ਉਹਨਾਂ ਦੇ ਪਰਸਪਰ ਸੰਬੰਧਾਂ ਨੂੰ ਦਰਸਾਉਣ ਲਈ ਜਾਂ ਕਿਸੇ ਬੋਰਡ ਜਾਂ ਕਮੇਟੀ ਦੇ ਵੱਖ ਵੱਖ ਭਾਗ ਅਤੇ ਉਹਨਾਂ ਦੇ ਪਰਸਪਰ ਸਬੰਧ ਨੂੰ ਦਰਸਾਉਣ ਲਈ ਵਰਤਿਆ ਜਾ

ਸਕਦਾ ਹੈ। ਉਦਾਹਰਨ ਦੇ ਤੌਰ ਸ਼ੇਰ ਸ਼ਾਹ ਸੂਰੀ ਦਾ ਕੇਂਦਰੀ ਪ੍ਰਬੰਧ ਬਾਰੇ ਵਹਿਣ ਚਾਰਟ ਬਣਾਇਆ ਜਾ ਸਕਦਾ ਹੈ ਜੋ ਇਸ ਤਰ੍ਹਾਂ ਹੈ :


**ਸ਼ੇਰ ਸ਼ਾਹ ਸੂਰੀ ਦਾ ਕੇਂਦਰ ਪ੍ਰਸ਼ਾਸ਼ਨ**




**ਸਥਾਨਕ ਸ਼ਾਸ਼ਨ**




**ਚਾਰਟ** : ਇਹਨਾਂ ਚਾਰਟਾਂ ਦਾ ਸਬੰਧ ਵੱਖ-ਵੱਖ ਘਟਨਾਵਾਂ ਅਤੇ ਸਮੇਂ ਨਾਲ ਹੁੰਦਾ ਹੈ। ਇਸ ਦੀ ਵਰਤੋਂ ਕਿਸੇ ਕਾਲ (ਖ਼ਾਸ ਸਮੇਂ) ਦੀ ਤਰਤੀਬ ਦਰਸਾਉਣ ਲਈ ਕੀਤੀ ਜਾਂਦੀ ਹੈ, ਜਿਵੇਂ ਕਿ ਸੱਤਵੀਂ ਸ਼੍ਰੇਣੀ ਦੇ ਸਿਲੇਬਸ ਵਿਚ 'ਯਾਦ ਰੱਖਣ ਵਾਲੇ ਸਾਲ' ਉਪ-ਵਿਸ਼ੇ ਸਬੰਧੀ ਘਟਨਾ ਚਾਰਟ ਬਣਾਇਆ ਜਾ ਸਕਦਾ ਹੈ ਅਤੇ ਅੱਠਵੀਂ ਸ਼੍ਰੇਣੀ ਦੇ ਉਪ-ਵਿਸ਼ੇ 1857 ਤੋਂ 1947 ਈ: ਤੱਕ ਦਾ ਸਮਾਂ ਆਦਿਕ।





ਕਾਲ-ਕ੍ਰਮ ਚਾਰਟ-2

**ਵਰਗੀਕਰਨ ਚਾਰਟ** : ਇਸ ਚਾਰਟ ਨੂੰ ਬ੍ਰਿਛ ਚਾਰਟ ਵੀ ਕਿਹਾ ਜਾਂਦਾ ਹੈ। ਇਸ ਚਾਰਟ ਦੁਆਰਾ ਇਕ ਚੀਜ਼ਾਂ ਤੋਂ ਅੱਗੇ ਹੋਰ ਬਣਨ ਵਾਲੀਆਂ ਵਸਤਾਂ ਬਾਰੇ ਦੱਸਿਆ ਜਾਂਦਾ ਹੈ ਜਿਵੇਂ ਲੋਹੇ ਨੂੰ ਲੈ ਕੇ ਉਸ ਤੋਂ ਅੱਗੇ ਬਣਨ ਵਾਲੀਆਂ ਵਸਤਾਂ ਬਾਰੇ ਦੱਸਿਆ ਜਾ ਸਕਦਾ ਹੈ।

ਸਮਾਜਿਕ ਅਧਿਐਨ ਅਧਿਆਪਨ ਵਿਚ ਚਾਰਟ ਬੜੇ ਲਾਭਦਾਇਕ ਸਿੱਧ ਹੋ ਸਕਦੇ ਹਨ। ਇਹਨਾਂ ਰਾਹੀਂ ਵਿਦਿਆਰਥੀਆਂ ਨੂੰ ਸਮੇਂ ਦੀ ਸੂਝ ਬਿਲਕੁਲ ਸਪਸ਼ਟ ਹੋ ਜਾਂਦੀ ਹੈ ਅਤੇ ਤਰੀਕਾਂ ਨੂੰ ਅਸਾਨੀ ਨਾਲ ਯਾਦ ਕਰ ਲੈਂਦੇ ਹਨ। ਇਹੋ ਜਿਹੇ ਚਾਰਟ ਸ਼੍ਰੇਣੀ ਕਮਰੇ ਵਿੱਚ ਵਰਤਨ ਤੋਂ ਬਾਅਦ ਸਮਾਜਿਕ ਅਧਿਐਨ ਕਮਰੇ ਦੀ ਸ਼ਾਨ ਬਣਾਉਣੀ ਚਾਹੀਦੀ ਹੈ। ਇਨ੍ਹਾਂ ਚਾਰਟਾਂ ਨੂੰ ਬਣਾਉਣ ਸਮੇਂ ਕੁਝ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

- ਇਹ ਸਮੇਂ ਅਤੇ ਸਥਾਨਾਂ ਦੇ ਸੰਬੰਧ ਬਿਲਕੁਲ ਠੀਕ ਰੂਪ ਵਿਚ ਦਰਸਾਉਂਦੇ ਹੋਣੇ ਚਾਹੀਦੇ ਹਨ।
- ਇਨ੍ਹਾਂ ਵਿਚ ਵਰਤਿਆ ਪੈਮਾਨਾ ਇਕਸਾਰ ਹੋਣਾ ਚਾਹੀਦਾ ਹੈ।
- ਚਾਰਟ ਪੇਪਰ ਦਾ ਰੰਗ ਅਤੇ ਸਕੈਚ ਪੈਨ ਦਾ ਰੰਗ, ਸੋਚ ਵਿਚਾਰ ਵਰਤਣਾ ਚਾਹੀਦਾ ਹੈ। ਹਰੇ ਰੰਗ ਦੇ ਚਾਰਟ ਪੇਪਰ ਤੇ ਚਿੱਟੇ ਰੰਗ ਦੇ ਸਕੈਚ ਪੈਨ ਨਾਲ ਲਿਖਣਾ ਚਾਹੀਦਾ ਹੈ। ਇਹ ਚਾਰਟ ਇੰਨੇ ਸੋਹਣੇ ਬਣਾਏ ਜਾਣ ਤਾਂ ਕਿ ਵਿਦਿਆਰਥੀਆਂ ਦਾ ਧਿਆਨ ਪੜ੍ਹਾਈ ਵਲ ਖਿਚ ਸਕਣ।
- ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਕ ਚਾਰਟ ਵਿਚ ਬਹੁਤ ਸਾਰੀਆਂ ਤਰੀਕਾਂ ਨਾ ਵਿਖਾਇਆ ਜਾਣ ਜਾਂ ਬਹੁਤ ਲੰਬਾ ਕਾਲ ਨਾ ਲਿਆ ਜਾਵੇ।

2.4.*5.5* ***ਰੇਖਾ ਚਿੱਤਰ (Diagram) :*** ਰੇਖਾ ਚਿੱਤਰ ਦੀ ਮਹੱਤਤਾ ਸਮਾਜਿਕ ਅਧਿਐਨ ਵਿਸ਼ੇ ਵਿਚ ਬਹੁਤ ਹੈ। ਇਸ ਦਾ ਅਧਿਆਪਕ ਚਾਕ ਜਾਂ ਰੰਗ ਬਰੰਗੇ ਚਾਕ ਰਾਹੀਂ ਚਾਕ-ਬੋਰਡ ਤੇ ਬੜੀ ਆਸਾਨੀ ਨਾਲ ਰੇਖਾ ਚਿੱਤਰ ਬਣਾ ਕੇ ਅਧਿਆਪਨ ਨੂੰ ਰੌਚਿਕ ਬਣਾ ਸਕਦੇ ਹਨ। ਉਦਾਹਰਨ ਦੇ ਤੌਰ ਤੇ : ਭੂਗੋਲ ਵਿਸ਼ੇ ਵਿਚ ਪਹਾੜ ਅਤੇ ਇਸ ਦੀਆਂ ਵੱਖ ਕਿਸਮਾਂ ਦੇ ਰੇਖਾ ਚਿੱਤਰ ਜਾਂ ਰੁੱਤ ਪਰਿਵਰਤਨ ਰੇਖਾ ਚਿੱਤਰ ਬਣਾਏ ਜਾ ਸਕਦੇ ਹਨ।





ਰੇਖਾ-ਚਿੱਤਰ 3

2.4.*5.6* ***ਮਾਡਲ (Model) :*** ਅਸਲੀ ਵਸਤੂਆਂ ਦੇ ਤਿੰਨ ਆਕਾਰ ਪ੍ਰਤਿਨਿੱਧ (Three dimensional representative) ਹੁੰਦੇ ਹਨ। ਜਿਹੜੀਆਂ ਵਸਤੂਆਂ ਨੂੰ ਹੂ-ਬ-ਹੂ ਕਲਾਸ ਵਿੱਚ ਨਹੀਂ ਲਿਜਾਇਆ ਜਾ ਸਕਦਾ। ਉਹਨਾਂ ਦੇ ਥਾਂ ਤੇ ਉਹਨਾਂ ਵਸਤੂਆਂ ਦੇ ਮਾਡਲ ਬਣਾਏ ਜਾ ਸਕਦੇ ਹਨ। ਵੱਡੀਆਂ ਵਸਤੂਆਂ ਨੂੰ ਛੋਟਾ ਕਰਕੇ ਬਣਾਏ ਜਾਂਦੇ ਹਨ।

ਉਦਾਹਰਨ ਦੇ ਤੌਰ ਤੇ ਸਿੰਚਾਈ ਦੇ ਸਾਧਨਾਂ ਦਾ ਮਾਡਲ, ਭਵਨ ਨਿਰਮਾਣ ਕਲਾ ਨੇ ਨਮੂਨਿਆਂ ਜਿਵੇਂ ਤਾਜ-ਮਹੱਲ ਤੇ ਲਾਲ ਕਿਲਾ ਆਦਿਕ, ਮਹਾਨ ਵਿਅਕਤੀਆਂ ਦੇ ਮਾਡਲ, ਪਹਾੜਾਂ ਦਾ ਮਾਡਲ ਅਤੇ ਆਵਾਜਾਈ ਦੇ ਵੱਖੋ ਵੱਖਰੇ ਸਾਧਨਾਂ ਦੇ ਮਾਡਲ ਆਦਿਕ। ਮਾਡਲ ਤਾਂ ਹੀ ਲਾਭਦਾਇਕ ਹੋ ਸਕਦਾ ਹੈ ਜੇਕਰ ਉਸ ਵਿਚ ਹੇਠ ਲਿਖੇ ਗੁਣ ਹੋਣ।

- ਮਾਡਲ ਸ਼ੁਧਤਾ ਅਤੇ ਸਚਾਈ ਦੇ ਨੇੜੇ ਹੋਣਾ ਚਾਹੀਦਾ ਹੈ।
- ਮਾਡਲ ਗੁੰਝਲਦਾਰ ਨਹੀਂ ਸਗੋਂ ਸਰਲ ਹੋਣਾ ਚਾਹੀਦਾ ਹੈ।
- ਮਾਡਲ ਦੀ ਉਪਯੋਗਤਾ ਹੋਣੀ ਚਾਹੀਦੀ ਹੈ।
- ਮਾਡਲ ਮਜ਼ਬੂਤ ਹੋਣਾ ਚਾਹੀਦਾ ਹੈ।
- ਮਾਡਲ ਬੱਚੇ ਦੀ ਸਮੱਰਥਾ ਅਤੇ ਯੋਗਤਾ ਦਾ ਪ੍ਰਗਟਾਉ ਹੋਣਾ ਚਾਹੀਦਾ ਹੈ।




ਮਾਡਲ ਚਿੱਤਰ 4

**ਮਾਡਲ ਦੀਆਂ ਕਿਸਮਾਂ** : ਮਾਡਲ ਦੀਆਂ ਆਮ ਤੌਰ ਤੇ ਚਾਰ ਕਿਸਮਾਂ ਹਨ ਜੋ ਇਸ ਤਰ੍ਹਾਂ ਹਨ :

**ਵਿਅਕਤੀ ਮਾਡਲ** ਇਸ ਪ੍ਰਕਾਰ ਦਾ ਮਾਡਲ ਇਕ ਵਿਅਕਤੀ ਬਣਾਉਂਦਾ ਹੈ। ਇਸ ਪ੍ਰਕਾਰ ਦੇ ਮਾਡਲ ਨਾਲ ਵਿਦਿਆਰਥੀ ਵਿਚ ਕਾਫ਼ੀ ਸ਼ੋਕ ਪੈਦਾ ਹੁੰਦਾ ਹੈ ਤੇ ਉਹ ਸੁਤੰਤਰ ਰੂਪ ਵਿਚ ਕੰਮ ਕਰਨਾ ਸਿਖਦਾ ਹੈ।

**ਸਮੁੱਚਾ ਮਾਡਲ** ਇਹੋ ਜਿਹੇ ਮਾਡਲ ਸਮੁੱਚੀ ਕਲਾਸ ਜਾਂ ਕੁਝ ਵਿਦਿਆਰਥੀਆਂ ਨਾਲ ਰਲ ਕੇ ਬਣਾਉਂਦੇ ਹਨ। ਇਸ ਪ੍ਰਕਾਰ ਰਲਕੇ ਕੰਮ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਸਾਂਝੀ ਖੁਸ਼ੀ ਤੇ ਸੰਤੁਸ਼ਟੀ ਮਿਲਦੀ ਹੈ।

**ਡਿਉਰਮਾ** ਇਸ ਪ੍ਰਕਾਰ ਦੇ ਮਾਡਲ ਰਾਜਨੀਤਿਕ ਇਤਿਹਾਸ ਨਾਲ ਸੰਬੰਧਿਤ ਹੁੰਦੇ ਹਨ।

**ਪ੍ਰਦਰਸ਼ਨ** ਇਹੋ ਜਿਹੇ ਮਾਡਲ ਬੱਚਿਆ ਨੂੰ ਕਲਾਸ ਵਿੱਚ ਕਿਸੇ ਗੁੰਝਲਦਾਰ ਚੀਜ਼ ਨੂੰ ਵਿਖਾਉਣ ਲਈ ਪ੍ਰਯੋਗ ਕੀਤੇ ਜਾ ਸਕਦੇ ਹਨ। ਚੰਗੇ ਮਾਡਲਾਂ ਨੂੰ ਸਮਾਜਿਕ ਅਧਿਐਨ ਦੀ ਪ੍ਰਯੋਗਸ਼ਾਲਾ ਵਿਚ ਰੱਖਣਾ ਚਾਹੀਦਾ ਹੈ।


2.4.*5.7* ***ਤਸਵੀਰਾਂ (Pictures) :*** ਤਸਵੀਰਾਂ ਸਮਾਜਿਕ ਅਧਿਐਨ ਦੇ ਅਧਿਆਪਨ ਲਈ ਮਹੱਤਵਪੂਰਨ ਸਾਧਨ ਹਨ। ਇਹਨਾਂ ਵਿਚ ਵਿਦਿਆਰਥੀ ਬਹੁਤ ਰੁੱਚੀ ਰਖਦੇ ਹਨ। ਸੁੰਦਰ ਤਸਵੀਰ ਹਰ ਇਕ ਦਾ ਮਨ ਮੋਂਹਦੀ ਹੈ। ਸਮਾਜਿਕ ਅਧਿਐਨ ਦੇ ਅਧਿਆਪਨ ਨੂੰ ਚੰਗੀਆਂ ਲਾਭਦਾਇਕ ਤਸਵੀਰਾਂ ਰਾਹੀਂ ਵਧੇਰੇ ਰੌਚਕ ਬਣਾਇਆ ਜਾ ਸਕਦਾ ਹੈ। ਬੱਚਿਆਂ ਨੂੰ ਮਹਾਨ ਵਿਅਕਤੀਆਂ ਅਤੇ ਵਰਤਮਾਨ ਪ੍ਰਸਿੱਧ ਹਸਤੀਆਂ, ਮਹੱਤਵਪੂਰਨ ਇਤਿਹਾਸਿਕ ਸਥਾਨਾਂ, ਪ੍ਰਾਚੀਨ ਇਮਾਰਤਾਂ, ਕਲਾ ਭਵਨ ਨਿਰਮਾਣ ਦੇ ਨਮੂਨੇ ਆਦਿਕ ਦੀਆਂ ਤਸਵੀਰਾਂ ਰਾਹੀਂ ਸਮਾਜਿਕ ਅਧਿਐਨ ਦੇ ਅਧਿਆਪਨ ਨੂੰ ਰੌਚਕ ਬਣਾਇਆ ਜਾ ਸਕਦਾ ਹੈ। ਪਹਾੜਾਂ ਬਾਰੇ ਪੜ੍ਹਾਉਣਾ ਹੈ ਤਾਂ ਚੰਗੀ ਗੱਲ, ਇਹ ਵਿਦਿਆਰਥੀਆਂ ਨੂੰ ਉਥੇ ਸੈਰ ਲਈ ਲਿਜਾਇਆ ਜਾਵੇ ਪਰ ਭਾਰਤ ਵਰਗੇ ਦੇਸ਼ ਵਿਚ ਇਹ ਸੰਭਵ ਨਹੀਂ ਜਾਪਦਾ ਤਾਂ ਉਸਦੇ ਬਦਲ ਲਈ ਤਸਵੀਰਾਂ ਰਾਹੀਂ ਜਾਣੂ ਕਰਵਾਇਆ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਛੇਵੀਂ ਸ਼੍ਰੇਣੀ ਦੇ ਸਿਲੇਬਸ ਵਿਚ ਏਸ਼ੀਆ ਦੀਆਂ ਮੁੱਖ ਫ਼ਸਲਾਂ ਉਪ ਵਿਸ਼ੇ ਹੈ ਜਿਸ ਉਪਰ ਨੂੰ ਤਸਵੀਰਾਂ ਰਾਹੀਂ ਜ਼ਿਆਦਾ ਰੌਚਕ ਬਣਾ ਕੇ ਪੜ੍ਹਾਇਆ ਜਾ ਸਕਦਾ ਹੈ। ਇਸ ਤੋਂ ਬਗ਼ੈਰ, ਬੰਧਾਂ, ਸਾਗਰਾਂ, ਰਾਸ਼ਟਰਪਤੀਆਂ ਦੀਆਂ ਤਸਵੀਰਾਂ, ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਜੋ ਵਰਤਮਾਨ ਨਾਲ ਸੰਬੰਧਿਤ ਹਨ ਅਤੇ ਅੱਠਵੀਂ ਸ਼੍ਰੇਣੀ ਲਈ ''1857 ਈਃ ਦਾ ਵਿਦਰੋਹ'' ਉਪ-ਵਿਸ਼ਾ ਹੈ। ਇਸ ਨਾਲ ਸੰਬੰਧਿਤ ਇਸ ਮਹਾਨ ਵਿਅਕਤੀਆਂ ਦੀਆਂ ਤਸਵੀਰਾਂ ਜਿਵੇਂ ਕਿ ਬਹਾਦਰ ਸ਼ਾਹ ਜ਼ਫ਼ਰ, ਨਾਨਾ ਸਾਹਿਬ ਅਤੇ ਰਾਣੀ ਝਾਂਸੀ ਆਦਿਕ। ਤਸਵੀਰਾਂ ਦੀ ਉਚਿਤ ਢੰਗ ਨਾਲ ਕੀਤੀ ਵਰਤੋਂ ਵਿਦਿਆਰਥੀਆਂ ਵਿਚ ਕਲਪਨਾ ਅਤੇ ਨਿਰੀਖਣ ਸ਼ਕਤੀਆਂ ਦਾ ਵਿਕਾਸ ਕਰਦੀ ਹੈ। ਤਸਵੀਰਾਂ ਦੇ ਚੋਣ ਉਪ-ਵਿਸ਼ੇ ਅਤੇ ਅਧਿਆਪਕ ਦੀ ਸੂਝ ਤੇ ਨਿਰਭਰ

ਕਰਦੀ ਹੈ।

**2.4.5.8 ਗ੍ਰਾਫ਼ ਅਤੇ ਗਲੋਬ (Graph and Globe) :** ਸਮਾਜਿਕ ਅਧਿਐਨ ਵਿਚ ਗ੍ਰਾਫ਼ ਆਕਾਰ, ਦੋਹਰੀਆਂ ਮਾਤਰਾਵਾਂ ਅਤੇ ਸੰਖਿਆਵਾਂ ਦੀ ਤੁਲਨਾ ਕਰਨ ਲਈ ਵਰਤੇ ਜਾ ਸਕਦੇ ਹਨ। ਗ੍ਰਾਫ਼ ਦੁਆਰਾ ਵਿਦਿਆਰਥੀਆਂ ਨੂੰ ਪਾਠ ਨਾਲ ਸੰਬੰਧਿਤ ਅੰਕੜਿਆਂ ਦਾ ਗਿਆਨ ਸਹਿਜੇ ਹੀ ਦਿੱਤਾ ਜਾ ਸਕਦਾ ਹੈ। ਇਸ ਲਈ ਅਧਿਆਪਕ ਨੂੰ ਸਮਾਜਿਕ ਅਧਿਐਨ ਵਿਸ਼ੇ ਦੇ ਪਾਠ-ਕ੍ਰਮ ਨਾਲ ਸਬੰਧਿਤ ਉਪ-ਵਿਸ਼ੇ ਚੁਣ ਲੈਣੇ ਚਾਹੀਦੇ ਹਨ। ਇਨ੍ਹਾਂ ਸੰਬੰਧੀ ਗ੍ਰਾਫ਼ ਤਿਆਰ ਕਰਨੇ ਜਾਂ ਕਰਵਾਉਣੇ ਚਾਹੀਦੇ ਹਨ। ਉਦਾਹਰਨ ਦੇ ਤੌਰ ਤੇ ਛੇਵੀਂ ਸ਼੍ਰੇਣੀ ਦੇ ਉਪ-ਵਿਸ਼ਾ ''ਵਸੋਂ'' ਇਸ ਸੰਬੰਧੀ ਗ੍ਰਾਫ਼ ਬਣਾਏ ਜਾ ਸਕਦੇ ਹਨ। ਗ੍ਰਾਫ਼ ਦੀਆਂ ਕਿਸਮਾਂ ਇਸ ਤਰ੍ਹਾਂ ਹਨ :


ਰੇਖਾ ਗ੍ਰਾਫ਼ (Line Graph)
ਪੱਟੀ ਗ੍ਰਾਫ਼ (Bar Graph)
ਚੱਕਰ ਗ੍ਰਾਫ਼ (Circle or Pie Graph)
ਚਿੱਤਰ ਗ੍ਰਾਫ਼ (Picturial Graph)
ਫਲੈਨਲ ਗ੍ਰਾਫ਼ (Plannel Graph)

**ਰੇਖਾ ਗ੍ਰਾਫ਼** : ਰੇਖਾ ਗ੍ਰਾਫ਼ ਦੀ ਵਰਤੋਂ ਜ਼ਿਆਦਾ ਅੰਕੜਿਆਂ ਨੂੰ ਪ੍ਰਗਟਾਉਣ ਲਈ ਕੀਤੀ ਜਾਂਦੀ ਹੈ। ਰੇਖਾ ਗ੍ਰਾਫ਼ ਉਪਰ ਵਾਧੇ ਅਤੇ ਘਾਟੇ ਦੀ ਤੁਲਨਾ ਵਧੀਆਂ ਢੰਗ ਨਾਲ ਕੀਤੀ ਜਾ ਸਕਦੀ ਹੈ। ਉਦਾਹਰਨ ਦੇ ਤੌਰ ਤੇ ਭਾਰਤ ਦੀ ਜੰਨ-ਸੰਖਿਆ ਸੰਬੰਧੀ ਰੇਖਾ ਗ੍ਰਾਫ਼ ਬਣਾਇਆ ਜਾ ਸਕਦਾ ਹੈ।





ਰੇਖਾ ਗ੍ਰਾਫ਼ 5

**ਪੱਟੀ ਗ੍ਰਾਫ਼** : ਪੱਟੀ ਗ੍ਰਾਫ਼ ਵਿਚ ਅੰਕੜਿਆਂ ਨੂੰ ਪੱਟੀਆਂ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਇਸ ਵਿਚ ਆਮ ਤੌਰ ਤੇ ਵਧਦੀ ਹੋਈ ਪੈਦਾਵਾਰ ਆਦਿਕ ਨੂੰ ਦਿਖਾਇਆ ਜਾ ਸਕਦਾ ਹੈ।




ਪੱਟੀ ਗ੍ਰਾਫ਼

**ਚੱਕਰ ਗ੍ਰਾਫ਼** : ਚੱਕਰ ਗ੍ਰਾਫ਼ ਦੁਆਰਾ ਅੰਕੜਿਆਂ ਦੇ ਉਪ-ਭਾਗਾਂ ਨੂੰ ਦਰਸਾਇਆ ਜਾਂਦਾ ਹੈ। ਇਸ ਘਰੇਲੂ ਬਜਟ ਤੋਂ ਲੈ ਕੇ ਦੇਸ ਦੇ ਬਜਟ ਨੂੰ ਦਰਸਾਇਆ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਨਗਰ-ਪਾਲਿਕਾ ਦੀ ਆਮਦਨ ਤੇ ਉਸਦੇ ਖ਼ਰਚੇ ਨੂੰ ਚੱਕਰ ਗ੍ਰਾਫ਼ ਚਿੱਤਰ ਨੰ: 7 ਵਿੱਚ ਬਾਖੂਬੀ ਦਰਸਾਇਆ ਜਾ ਸਕਦਾ ਹੈ।




ਚੱਕਰ ਗ੍ਰਾਫ਼·

**ਚਿੱਤਰ ਗ੍ਰਾਫ਼** : ਚਿੱਤਰ ਗ੍ਰਾਫ਼ ਵਿਚ ਅੰਕੜਿਆਂ ਨੂੰ ਸੰਖਿਆਵਾਂ ਦੀ ਥਾਂ ਚਿੱਤਰਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਇਹ ਗ੍ਰਾਫ਼ ਦਿਲ-ਖਿਚਵੇਂ ਤੇ ਪੜ੍ਹਨ ਯੋਗ ਹੁੰਦੇ ਹਨ। ਛੋਟੇ ਵਿਦਿਆਰਥੀਆਂ ਤੇ ਇਨ੍ਹਾਂ ਦਾ ਬਹੁਤ ਅਸਰ ਪੈਂਦਾ ਹੈ।


**ਫਲੈਨਲ ਗ੍ਰਾਫ਼** : ਇਨ੍ਹਾਂ ਗ੍ਰਾਫ਼ ਵਿੱਚ ਫਲੈਨਲ ਬੋਰਡ ਉਪਰ ਅੰਕੜਿਆਂ ਨੂੰ ਕੱਟੀਆਂ ਹੋਈਆਂ ਰੇਖਾਵਾਂ, ਪੱਟੀਆਂ ਜਾਂ ਚਿੱਤਰਾਂ ਨੂੰ ਪ੍ਰਗਟਾਇਆ ਜਾਂਦਾ ਹੈ। ਇਸ ਦੇ ਪਿਛਲੇ ਪਾਸੇ ਫਲੈਨਲ ਲੱਗਾ ਹੁੰਦਾ ਹੈ। ਆਡੀਓ ਵਿਜ਼ੂਅਲ ਸਿਖਿਆ ਵਿਭਾਗ ਨੇ ਸਮਾਜਿਕ ਅਧਿਐਨ ਦੇ ਅਧਿਆਪਕ ਦੀ ਮਦਦ ਲਈ ਫਲੈਨਲ ਗ੍ਰਾਫ਼ ਤਿਆਰ ਕਰਵਾਏ ਹਨ 'ਜੋ ਧਰਤੀ ਅਤੇ ਇਸ ਦਾ ਚੰਦਰਮਾ' (Earth and its moon) ਭਾਰਤ ਦੇ ਰਾਜ ਆਦਿਕ। ਇਹਨਾਂ ਗ੍ਰਾਫ਼ਾਂ ਦੀ ਮਦਦ ਨਾਲ ਸਮਾਜਿਕ ਅਧਿਐਨ ਨੂੰ ਹੋਰ ਰੌਚਿਕ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

**ਗਲੋਬ**

ਗਲੋਬ ਇਕ ਕਿਸਮ ਦਾ ਧਰਤੀ ਦਾ ਮਾਡਲ ਹੈ ਜਿਸ ਉਪਰ ਸੰਸਾਰ ਦਾ ਨਕਸ਼ਾ ਹੁੰਦਾ ਹੈ। ਗਲੋਬ

ਦੁਆਰਾ ਧਰਤੀ ਦੇ ਗੋਲ ਹੋਣ ਦੀ ਧਾਰਨਾ ਨੂੰ ਬੜੀ ਆਸਾਨੀ ਨਾਲ ਦਰਸਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਗਲੋਬ ਦੀ ਸਹਾਇਤਾ ਨਾਲ ਹੇਠ ਲਿਖੇ ਉਪ-ਵਿਸ਼ੇ ਦੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ।

ਧਰਤੀ ਦਾ ਧੁਰਾ (Axis)
ਮਹਾਂਦੀਪ (Continent)
ਉਤਰੀ ਧਰੁਵ (Arctic Circle)
ਦੱਖਣੀ ਧਰੁਵ (Antarctic Circle)
ਦਿਸ਼ਾਵਾਂ (Directions)
ਅਰਧ ਗੋਲ (Hemisphere)
ਟਾਪੂ (Island)
ਵਿਥਕਾਰ (Latitude)
ਲੰਬਕਾਰ (Longitude) ਆਦਿਕ।



ਗਲੋਬ- 8

**ਗਲੋਬ ਵਰਤਣ ਦੇ ਮੰਤਵ** : ਗਲੋਬ ਦੀ ਵਰਤੋਂ ਹੇਠ ਲਿਖੇ ਮੰਤਵਾਂ ਲਈ ਕੀਤੀ ਜਾਂਦੀ ਹੈ :

- ਗਲੋਬ ਦੀ ਸਹਾਇਤਾ ਨਾਲ ਵਿਦਿਆਰਥੀਆਂ ਵਿਚ ਧਰਤੀ ਦੇ ਰੂਪ ਬਾਰੇ ਸਹੀ ਧਾਰਨਾ ਪੈਦਾ ਕਰਨੀ ਕਿਉਂਕਿ ਨਕਸ਼ੇ ਰਾਹੀਂ ਧਰਤੀ ਦੀ ਅਸਲ ਸਥਿਤੀ ਨਹੀਂ ਦਰਸਾਈ ਜਾ ਸਕਦੀ।
- ਦਿਨ-ਰਾਤ ਬਣਨ ਅਤੇ ਰੁੱਤ ਦੇ ਬਦਲਣ ਦਾ ਵਰਤਾਰਾ ਆਸਾਨੀ ਨਾਲ ਸਮਝਾਇਆ ਜਾ ਸਕਦਾ ਹੈ।
- ਲੰਬਕਾਰ ਅਤੇ ਵਿਥਕਾਰ ਆਦਿਕ ਬਾਰੇ ਆਸਾਨੀ ਨਾਲ ਸੂਝ ਵਿਕਸਿਤ ਕੀਤੀ ਜਾ ਸਕਦੀ ਹੈ।
- ਗਲੋਬ ਦੀ ਸਹਾਇਤਾ ਨਾਲ ਗੁਆਂਢੀ ਦੇਸ਼ਾਂ ਅਤੇ ਬਾਕੀ ਦੇਸ਼ਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ। ਜਿਸ ਰਾਹੀਂ ਅੰਦਰਰਾਸ਼ਟਰੀ ਸੂਝ ਵਿਕਸਿਤ ਕੀਤੀ ਜਾ ਸਕਦੀ ਹੈ। ਸਮਾਜਿਕ ਅਧਿਐਨ ਦੇ ਅਧਿਆਪਨ ਲਈ ਗਲੋਬ ਬੜਾ ਹੀ ਮਹੱਤਵਪੂਰਨ ਸਾਧਨ ਹੈ। ਇਸ ਦੀ ਸੁਚੱਜੀ ਵਰਤੋਂ ਵਿਦਿਆਰਥੀਆਂ ਵਿਚ ਅੰਤਰਰਾਸ਼ਟਰੀ ਸੂਝ ਦਾ ਵਿਕਾਸ ਕਰਦੀ ਹੈ।

### 2.4.6 ਪ੍ਰੋਜਕਟਿਵ ਪੜ੍ਹਾਉਣ ਸਹਾਇਕ ਸਮੱਗਰੀ

ਦੇਖਣ ਸਹਾਇਕ ਸਮੱਗਰੀ ਵਿਚ ਪ੍ਰਾਜੈਕਟਰ ਦਾ ਅਹਿਮ ਰੋਲ ਹੈ। ਪ੍ਰਾਜੈਕਟਰ ਦੀਆਂ ਬਹੁਤ ਕਿਸਮਾਂ ਹੁੰਦੀਆਂ ਹਨ। ਜਿੰਨਾਂ ਵਿਚ ਕੁਝ ਹੇਠ ਦਿਤੇ ਗਏ ਹਨ :

ਵਿਚ ਕਾਫੀ ਰੋਚਕਤਾ ਆਉਂਦੀ ਹੈ ਤੇ ਵੱਡੀਆਂ ਕਲਾਸਾਂ, ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਉਹਨਾਂ ਲਈ ਲਾਭਦਾਇਕ ਹੈ। ਇਸ ਦੀ ਵਰਤੋਂ ਨਾਲ ਸ਼੍ਰੇਣੀ ਵਿਚ ਅਨੁਸ਼ਾਸ਼ਨ ਦੀ ਸਮੱਸਿਆ ਨਹੀਂ ਆਉਂਦੀ।

**ਅਪਾਰਦਰਸ਼ੀ ਪ੍ਰਾਜੈਕਟਰ (Upaque Projector) :** ਇਹ ਅਪਾਰਦਰਸ਼ੀ ਪ੍ਰਾਜੈਕਟਰ ਵਿਚ ਮੈਗਜ਼ੀਨਾਂ ਦਾ ਸਫਾ, ਕਿਤਾਬ ਦਾ ਵਰਕਾ ਅਤੇ ਬੱਚੇ ਦੁਆਰਾ ਲਿਖਤ ਨੂੰ ਪ੍ਰਾਜੈਕਟ ਕੀਤਾ ਜਾ ਸਕਦਾ ਹੈ। ਇਸ ਅਪਾਰਦਰਸ਼ੀ ਪ੍ਰਾਜੈਕਟਰ ਦੀ ਵਰਤੋਂ ਕੋਈ ਅਧਿਆਪਕ ਕਿਸੇ ਵੀ ਵਿਸ਼ੇ ਲਈ ਕਰ ਸਕਦਾ ਹੈ।

2.4.***6.1* LED *ਪ੍ਰੋਜੈਕਟਰ*** *:- ਇਸ ਵਿੱਚ ਕੋਈ ਸ਼ੱਕ ਨਹੀ ਹੈ ਤਕਨਾਲੋਜੀ ਨੇ ਪੂਰੀ ਸਿੱਖਿਆ ਨੂੰ ਬਦਲ ਦਿੱਤਾ ਹੈ ਇਸ ਤੋ ਪਹਿਲਾਂ, ਸਕੂਲਾਂ ਵਿੱਚ ਵੱਖਰੀਆਂ ਕੰਪਿਊਟਰ ਲੈਬਾਂ ਹੁੰਦੀਆਂ ਸਨ ਅਤੇ ਵਿਦਿਆਰਥੀਆਂ ਕੋਲ ਤਕਨਾਲੋਜੀ ਦੀ ਵਰਤੋ ਕਰਨ ਲਈ ਸੀਮਤ ਪਹੁੰਚ ਸੀ। ਪਰ ਹੁਣ ਸਿੱਖਣ ਦੇ ਸਥਾਨਾਂ ਨੂੰ ਮੁੜ ਡਿਜ਼ਾਇਨ ਕੀਤਾ ਜਾ ਰਿਹਾ ਹੈ ਅਤੇ ਅੱਜ ਹਰ ਕਲਾਸਰੂਮ ਨੂੰ ਇੱਕ ਸਮਾਰਟ ਕਲਾਸਰੂਮ ਬਣਾਉਣ ਦੀ ਲੋੜ ਹੈ। ਪ੍ਰੋਜੈਕਟਰ ਸਿਸਤਮ ਅੱਜ ਕਿਸੇ ਵੀ ਕਲਾਸਰੂਮ ਦਾ ਸਭ ਤੋ ਚੁਸਤ ਸਿੱਖਿਆ ਤਕਨਾਲੋਜੀ ਤੱਤ ਹੈ-ਹਿ ਵਿਜ਼ੂਅਲ ਲਰਨਿੰਗ ਟੂਲ ਹੈ ਜੋ ਸਿੱਖਿਆ ਨੂੰ ਬਿਲਕੁਲ ਵੱਖਰੇ ਪੱਧਰ ਤੇ ਲੈ ਜਾਂਦਾ ਹੈ, ਜਿਸਦੀ ਰਵਾਇਤੀ ਕਲਾਸਰੂਮਾਂ ਵਿੱਚ ਕਦੇ ਕਲਪਨਾ ਵੀ ਨਹੀ ਕੀਤੀ ਜਾ ਸਕਦੀ ਸੀ।ਸਮਾਰਟ ਪ੍ਰੋਜੈਕਟਰ ਉਪਯੋਗੀ ਸਾਧਨ ਹਨ ਜੋ ਅਧਿਆਪਕਾਂ*

*ਨੂੰ ਆਸਾਨੀ ਨਾਲ ਕਲਾਸਾਂ ਲੈਣ ਵਿੱਚ ਮਦਦ ਕਰਦੇ ਹਨ, ਇਹ ਹਰ ਪਾਠ ਨੂੰ ਪ੍ਰਭਾਵੀ ਬਣਾਉਦੇ ਹਨ ਅਤੇ ਇਸ ਨਾਲ ਕਲਾਸ ਦੇ ਸਮੇ ਨੂੰ ਬਿਹਤਰ ਢੰਗ ਨਾਲ ਵਰਤਿਆ ਜਾ ਸਕਦਾ ਹੈ ਅਤੇ ਵਿਦਿਆਰਥੀ ਸਿੱਖਣ ਵਾਲੀ ਹਰ ਗਤੀਵਿਧੀ ਵਿੱਚ ਸ਼ਾਮਲ ਹੋ ਸਕਦੇ ਹਨ।*

**LED** ਪ੍ਰੋਜੈਕਟਰ ਇੱਕ ਅਜਿਹਾ ਉਪਕਰਨ ਹੈ ਜੋ ਇੱਕ ਫਲੈਟ ਸਕ੍ਰੀਨ ਤੇ ਵੀਡੀਓ ਸਮਗਰੀ ਨੂੰ ਪ੍ਰੋਜੈਕਟ ਕਰਨ ਲਈ ਲਾਈਟ ਐਕੀਟਿੰਗ ਡਾਇਡਸ ਦੀ ਵਰਤੋ ਕਰਦਾ ਹੈ। ਇਹ ਉਪਭੋਗਤਾ ਨੂੰ ਉਚੱ ਪੱਧਰੀ ਤਸਵੀਰ ਦੀਗੁਣਵੱਤਾ ਦੀ ਗਾਰੰਟੀ ਦਿੰਦਾ ਹੈ। ਇਸ ਤੋ ਇਲਾਵ, ਇਹ ਸਮੱਗਰੀ ਨੂੰ ਪ੍ਰੋਜੈਕਟ ਕਰਨ ਲਈ ਸਾਰੇ ਹੈਲੋਜਨ ਲੈਂਪਾਂ ਦੀ ਵਰਤੋ ਨੂੰ ਖਤਮ ਕਰਦਾ ਹੈ।

**LED** ਪ੍ਰੋਜੈਕਟਰਾਂ ਦੇ ਲਾਭ :-

1. ਵਧੇਰੇ ਸਿੱਖਣ ਅਤੇ ਸਿਖਾਉਣ ਦੀ ਸ਼ੈਲੀ ਨੂੰ ਅਨੁਕੂਲਿਤ ਕਰਦਾ ਹੈ: ਅਧਿਆਪਕ ਹਮੇਸ਼ਾ ਕੋਸ਼ਿਸ਼ ਕਰ ਰਹੇ ਹੁੰਦੇ ਹਨ ਕਿ ਆਪਣੇ ਵਿਦਿਆਰਥੀਆਂ ਨੂੰ ਬਿਹਤਰ ਤਰੀਕੇ ਨਾਲ ਸਿਖਾਉਣ ਅਤੇ ਵੱਖ-ਵੱਖ ਸਿੱਖਣ ਦੀਆਂ ਸ਼ੈਲੀਆਂ ਨੂੰ ਪੂਰਾ ਕਰਨ ਲਈ ਨਵੀ ਨਵੀਨਤਾਕਾਰੀ ਤਕਨੀਕ ਦੀ ਵਰਤੋ ਕਰਨ। ਪ੍ਰੋਜੈਕਟਰ ਚਾਕਬੋਰਡਾਂ ਅਤੇ ਵ੍ਹਾਈਟਬੋਰਡਾਂ ਵਰਗੀ ਜਾਣਕਾਰੀਨੂੰ ਵੱਖਰੇ ਢੰਗ ਨਾਲ ਪ੍ਰਦਰਸ਼ਿ੍ਤ ਕਰਕੇ ਆਪਣੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਧਿਆਪਕਾਂ ਦੀ ਬਿਹਤਰ ਮਦਦ ਕਰ ਸਕਦੇ ਹਨ, ਅਧਿਆਪਕ ਅਜੇ ਵੀ ਚਿੱਤਰਾਂਅਤੇ ਵੀਡੀਓਜ਼ ਸਹਾਇਦਾ ਪ੍ਰਦਾਨ ਕਰ ਸਕਦੇ ਹਨ। ਇਹ ਅਨੁਸ਼ਾਸ਼ਨ ਵਿੱਚ ਨਵੀ ਜਾਂ ਅਣਜਾਣ ਧਾਰਨਾ ਨੂੰ ਸਪੱਸ਼ਟ ਕਰਨ ਵਿੱਚ ਵੀ ਮਦਦ ਕਰਦਾ ਹੈ। ਇਹ ਵੱਖ-ਵੱਖ ਸਿੱਖਣ ਦੀ ਗਤੀ ਵਾਲੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਵਿੱਚ ਵੀ ਮਦਦ ਕਰਦਾ ਹੈ ਅਤੇ ਹੌਲੀ ਸਿੱਖਣ ਵਾਲਿਆਂ ਨੂੰ ਉਹ ਜਾਣਕਾਰੀ ਪ੍ਰਦਾਨ ਕਰਕੇ ਮਦਦ ਕਰਦਾ ਹੈ ਜਿਸਦੀ ਉਹਨਾਂ ਨੂੰ ਕਲਾਸ ਵਿਚ ਵਧੀਆਂ ਪ੍ਰਦਰਸ਼ਨ ਕਰ ਦੀ ਲੋੜ ਹੈ।

2. ਸਮਾਂ ਪ੍ਰਬੰਧਨ ਅਤੇ ਕੁਸ਼ਲਤਾ ਵਿੱਚ ਵਾਧਾ : ਅਧਿਆਪਕ ਬਹੁਤ ਸਾਰਾ ਸਮਾਂ ਬਿਤਾਉਦੇ ਹਨ ਪਾਠ ਦੀ ਯੋਜਨਾ ਬਣਾਉਣਾਂ ਅਤੇ ਉਹਨਾਂ ਦੇ ਲੈਕਚਰਾਂ ਦੀ ਰੂਪ ਰੇਖਾ ਤਿਆਰ ਕਰਨਾ। ਉਹਨਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਰੀ ਸਮੱਗਰੀ ਦੀ ਜਾਣਕਾਰੀ ਕਵਰ ਕਰ ਰਹੇ ਹਨ ਜੋ ਇਮਤਿਹਾਨਾਂ ਜਾਂ ਟੈਸਟਾਂ ਦੌਰਾਨ ਲੋੜੀਦਾ ਹੈ। ਇਸ ਲਈ, ਪਾਵਰ ਪੁਆਇੰਟ ਪੇਸ਼ਕਾਰੀ (ਪੀਪੀਟੀ) ਉਹਨਾਂ ਨੂੰ ਸਾਰੀ ਜ਼ਰੂਰੀ ਜਾਣਕਾਰੀ ਦੀ ਕਲਪਨਾ ਕਰਨ ਅਤੇ ਪ੍ਰਦਰਸ਼ਿਤ ਕਰਨ ਵਿੱਚ ਮਦਦ ਕਰ ਸਕਦੀ ਹੈ। ਇਹਕੁਸ਼ਲ ਅਧਿਆਪਨ ਲਈ ਸਿੱਖਣ ਸਮੱਗਰੀ ਤਿਆਰ ਕਰਨ ਵਿੱਚ ਵੀ ਮਦਦ ਕਰਦਾ ਹੈ। ਵਿਦਿਆਰਥੀ ਵੀਡੀਓ ਲੈਕਚਰਾਂ ਅਤੇ ਵੱਖ-ਵੱਖ ਗਤੀਵਿਧੀਆਂ ਰਾਹੀ ਆਪਣੀ ਰਫਤਾਰ ਨਾਲ ਸਿੱਖਣਗੇ।

3. ਵੱਡੀਆਂ ਕਲਾਸਾਂ ਅਤੇ ਦਰਸ਼ਕਾਂ ਲਈ ਉਪਯੋਗੀ ਸਕੂਲੀ ਜ਼ਿਲ੍ਹਿਆਂ ਅਤੇ ਜ਼ੋਨਾਂ ਤੇ ਨਿਰਭਰ ਕਰਦੇ ਹੋਏ , ਸਕੂਲ ਕਾਲਾਸਰੂਮ ਦੇ ਆਕਾਰ ਵਿੱਚ ਵੱਖੋ-ਵੱਖਰੇ ਹੁੰਦੇ ਹਨ। ਕੁਝ ਅਧਿਆਪਕਾਂ ਕੋਲ ਛੋਟੀ ਕਲਾਸਰੂਮ ਹੋ ਸਕਦੀ ਹੈ ਜਦੋ ਕਿ ਹੋਰਾਂ ਕੋਲ ਵੱਡੀਆਂ ਕਲਾਸਾਂ ਨੂੰ ਅਨੁਕੂਲਿਤ ਕਰਨਾ ਪੈ ਸਦਾ ਹੈ। ਇਹ ਪ੍ਰੋਜੈਕਟਰ ਕਿਸੇ ਵੀ ਕਲਾਸਰੂਮ ਲਈ ਇੱਕ ਵਧੀਆਂ ਸਾਧਨ ਹੈ ਜੋ ਛੱਤ ਨਾਲ ਜੁੜਿਆ ਹੋਇਆ ਹੈ ਅਤੇ ਅਧਿਆਪਕ ਇਸਨੂੰ ਆਪਣੇ ਡੈਸਕ ਤੋ ਚਲਾ ਸਕਦਾ ਹੈ।

4.ਵਿਦਿਆਰਥੀ ਦੀ ਸਿੱਖਣ ਅਤੇ ਦਿਲਚਸਪੀ ਨੂੰ ਡੂੰਘਾ ਕਰਦਾ ਹੈ-ਬਹੁਤ ਸਾਰੇ ਸਕੂਲਾਂ ਵਿੱਚ ਸਾਧਨਾਂ ਅਤੇ ਸਾਧਨਾਂ ਦੀ ਘਾਟ ਹੁੰਦਿ ਹੈ, ਉਹਨਾਂ ਨੂੰ ਵੂੰਨਤ ਪੱਧਰ ਤੇ ਪੜ੍ਹਾਉਣ ਦੀ ਲਵ਼ੜ ਹੁੰਦੀ ਹੈ। ਜੇਕਰ ਕਲਾਸ ਰੂਮ ਵਿੱਚ ਐਲਈਡ ੀ ਪ੍ਰੋਜੈਕਟਰ ਦਾ ਕੋਈ ਪ੍ਰਬੰਧ ਨਹੀ ਹੈ, ਤਾਂ ਅਧਿਆਪਕ ਵਿਦਿਆਰਥੀਆਂ ਨੂੰ ਅਸਲ ਸ਼ਬਦਾਂ ਵਿੱਚ ਨਹੀ ਲੈ ਸਕਦਾ ਅਤੇ ਉਸਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਬੁਨਿਆਦੀ ਜਾਂ ਰਵਾਇਤੀ ਵਿਧੀ ਨਾਲ ਜੁੜੇ ਰਹਿਣਾ ਪੈਦਾ ਹੈ। ਪ੍ਰੋਜੈਕਟਰ ਕਲਾਸ ਵਿੱਚ ਇੱਕ ਸਮੇ ਇਕੱਝੇ ਹੋਰ ਵਿਸ਼ਿਆਂ ਦੀ ਪੜਚੋਲ ਕਰਨਵਿੱਚ ਮਦਦ ਕਰਦਾ ਹੈ ਜਿੱਥੇ ਉਹ ਇੱਕੋ ਸਮੇ ਵੱਡੇ ਹੋਰ ਵਿਸ਼ਆਂ ਦੀ ਪੜਚੋਲ ਕਰ ਚ ਮਦਦ ਕਰਦਾ ਹੈ ਜਿੱਥੇ ਉਹ ਇੱਕੋ ਸਮੇ ਵੱਡੇ ਸਮੂਹਾਂ ਨਾਲ ਜਾਣਕਾਰੀ ਸਾਂਝੀ ਕਰ ਸਕਦਾ ਹੈ। ਇਹ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਨੂੰ ਆਕਾਰ ਦੇਣ ਅਤੇ ਸਮੱਗਰੀ ਦੀ ਉੱਚੀ ਸਮਝ ਲਈ ਡੂੰਘਾ ਗਿਆਨ ਪ੍ਰਾਪਤ ਕਰਨ ਵਿੱਚ ਕਦਦ ਕਰਦਾ ਹੈ। 5

5. ਖਾਸ ਸੰਕਲਪਾਂ ਬਾਰੇ ਸਿੱਖਣਾ- ਕੁਝ ਖਾਸ ਗੱਲਾਂ ਹਨ ਜੋ ਅਧਿਆਪਕ ਕਲਾਸਰੂਮ ਵਿੱਚ ਨਹੀ ਲਿਆ ਸਕਦੇ ਹਨ। ਇੱਕ ਵਿਗਿਆਨ ਅਧਿਆਪਕ ਵਿਸ਼ੇ ਬਾਰੇ ਇੱਕ ਵਿਸ਼ੇਸ਼ ਪ੍ਰਯੋਗ ਦਿਖਾਉਣਾ ਚਾਹੁੰਦਾ ਹੈ ਪਰ ਉਹਨਾਂ ਕੋਲ ਖੁਦ ਅਜਿਹਾ ਕਜਨ ਲਈ ਉਪਕਰਨ, ਥਾਂ ਜਾਂ ਸੁਰੱਖਿਆ ਮਾਪਦੰਡ ਨਹੀ ਹਨ। ਇਸ ਲਈ ਇੱਥੇ, ਅਧਿਆਪਕ ਪੂਰੀ ਧਾਰਨਾ ਨੂੰ ਸਮਝਾਉਣ ਲਈ ਇੱਕ ਵੀਡੀਓ ਦਿਖਾ ਸਕਦਾ ਹੈ ਅਤੇ ਵਿਦਿਆਰਥੀ ਕਲਾਸਕੂਮ ਵਿੱਚ ਇਸ ਬਾਰੇ ਹੋਰ ਜਾਣ ਸਕਦੇ ਹਨ।

**2..4.6.2 ਇੰਟਰਐਕਟਿਵ ਵ੍ਹਾਈਟ ਬੋਰਡ**-ਇੱਕ ਇੰਟਰਐਕਟਿਵ ਵ੍ਹਾਈਟ ਬੋਰਡ **(IWB)** ਜਿਸਨੂੰ ਇੰਟਰਐਕਟਿਵ ਸੋਰਡ ਜਾਂ ਸਮਾਰਟ ਬੋਰਡ ਵੀ ਹਿਾ ਜਾਂਦਾ ਹੈ। ਇਹ ਇੱਕ ਵ੍ਹਾਈਟ ਬੋਰਡ ਦੇ ਫਾਰਮ ਠੈਕਟਰ ਵਿੱਚ ਇੱਕ ਵੱਡਾ ਇੰਟਰਐਕਟਵ ਡਿਸਪਲੇਅ ਬੋਰਡ ਹੈ। ਇਸਨੂੰ ਜਾਂ ਤਾਂ ਇੱਕ ਟੱਚ ਸਕਰੀਨ ਕੰਪਿਊਟਰ ਕਿਹਾ ਜਾ ਸਕਦਾ ਹੈ ਜੋ ਕੰਮ ਅਤੇ ਸੰਚਾਲਨ ਕਰਨ ਲਈ ਸੁਤੰਤਰ ਤੌਰ ਤੇ ਵਰਤਿਆ ਜਾਂਦਾ ਹੈ, ਜਾਂ ਇੱਕ ਪ੍ਰੋਜੈਕਟਰ ਤੇ ਕੰਪਿਊਆਂ ਨੂੰ ਨਿਯੰਤਰਿਤ ਕਰਨ ਲਈ ਇੱਕ ਟੱਚ ਪੈਡ ਵਜੋ ਵਰਤਿਆ ਜਾਣ ਵਾਲਾ ਕਨੈਕਟ ਕਰਨ ਯੋਗ ਉਪਕਰਣ ਦਿਹਾ ਜਾ ਸਕਦਾ ਹੈ। ਇਹਨਾਂ ਦੀ ਵਰਤੋ ਸਿੱਖਿਆ ਦੇ ਸਾਰੇ ਪੱਧਰਾਂ ਤੇ ਵਿਭਿੰਨ ਸੈਟਿੰਗਾਂ ਵਿੱਚ ਕੀਕਦੀ ਜਾਂਦੀ ਹੈ, ਜਿਸ ਵਿੱਧਚ ਬੋਰਡ ਰੂਮ, ਕਾਰਜ ਸਮੂਹ, ਪੇਸ਼ੇਵਰ ਖੇਡ ਕੋਚਿੰਗ ਲਈ ਸਿਖਲਾਈ ਕਰਤੇ ਅਤੇ ਵਿਆਪਕ ਕਾਸਟਿੰਗ ਸਟੂਡੀਓ ਸ਼ਾਮਲ ਹੁੰਦੇ ਹਨ।

ਪਹਿਲਾ ਇੰਟਰਐਕਟਿਵ ਵ੍ਹਾਈਟ ਬੋਰਡ **PARC (Polo** ਆਲਟੋ ਸਿਰਚ ਸੈਟਰ) ਲਗਭਗ 1990 ਵਿੱਚ ਅਤੇ ਛੋਟੀਆਂ ਸਮੂਹ ਮੀਟਿੰਗਾਂ ਅਤੇ ਚੋਲ ਮੋਂ ਵਿੱਚ ਵਰਤਿਆ ਜਾਂਦਾ ਸੀ। ਵਰਤੋ:

ਇੰਟਰਐਕਟਿਵ ਵ੍ਹਾਈਟ ਬੋਰਡ ਸਿੱਖਿਆਕ ਨੂੰ ਮਿਆਰੀ ਸਬਕ ਲੈਣ ਦੀ ਇਜਾਜ਼ਤ ਦਿੰਦੇ ਹਨ ਅਤੇ ਉਹਨਾਂ ਨੂੰ ਇੰਟਰਐਕਟਿਵ ਗਤੀਵਿਧੀਆਂ ਵਿੱਚ ਬਦਲਦੇ ਹਨ। **IWB** ਦੇ ਉਪਯੋਗ ਹੇਠ ਲਿਖੇ ਅਨੁਸਾਰ ਹਨ:

1. ਵਿਸਤ੍ਰਿਤ ਪਾਠ-ਇੰਟਰਐਕਟਿਵ ਵ੍ਹਾਈਟ ਬੋਰਡ ਵੱਖ-ਵੱਖ ਸਿੱਖਣ ਦੀਆਂ ਸ਼ੈਲੀਆਂ ਨੂੰ ਇੱਕ ਅਨੁਭਵ ਵਿੱਚ ਵਿਆਖਿਆ ਕਰਦੇ ਹਨ। ਵਿਦਿਆਰਥੀ ਟਚ ਰਾਹੀ ਬੋਰਡਾਂ ਨੂੰ ਦੇਖ ਕੇ, ਸੁਣ ਕੇ ਅਤੇ ਗੱਲਬਾਤ ਕਰਕੇ ਬਿਹਤਰ ਢੰਗ ਨਾਲ ਸਿੱਖ ਸਕਦੇ ਹਨ। ਇਸ ਲਈ, ਅਧਿਆਪਕ ਉਸੇ ਸਮੱਗਰੀ ਨੂੰ ਸਿਖਾਉਣ ਲਈ ਨਵੀਨਤਾਕਾਰੀ ਤਰੀਕਿਆਂ ਦੀ ਵਰਤੋ ਕਰ ਸਕਦਾ ਹੈ।

2. ਇੰਟਰਐਕਟਿਵ ਲਰਨਿੰਗ- **IWB** ਬੱਚਿਆਂ ਨੂੰ ਸਿੰਖਣ ਦੀ ਸਮੱਗਰੀ ਨਾਲ ਇੰਟਰੈਕਟ ਕਰਨ ਦੀ ਇਜ਼ਾਜ਼ਤ ਦਿੰਦਾ ਹੈ। ਵੁਹ ਸਬਕ ਦਾ ਹਿੱਸਾ ਬਣਦੇ ਹਨ ਅਤੇ ਇੱਕ ਦੂਜੇ ਨੂੰ ਸਿਖਾ ਸਕਦੇ ਹਨ। ਵਿਸ਼ੇ ਦੀ ਵੁਨ੍ਹਾਂ ਦੀ ਸਮਝ ਨੂੰ ਬੋਰਡ ਤੇ ਛੂਹਣ, ਲਿਖਣ ਜਾਂ ਡਰਾਇੰਗ ਦੁਆਰਾ ਦੇਖਿਆ ਜਾ ਸਕਦਾ ਹੈ। ਵਿਦਿਅਕ ਖੇਡਾਂ ਵੀ ਪੂਰੀ ਕਲਾਸਰੂਮ ਦੁਆਰਾ ਖੇਡੀਆਂ ਜਾ ਸਕਦੀਆਂ ਹਨ। ਉਹਨਾਂ ਨੂੰ ਤੁਰੰਤ ਫੀਡਬੈਕ ਅਤੇ ਵਿਦਿਆਰਥੀ ਦੀ ਤਰੱਕੀ ਵੀ ਪ੍ਰਦਾਨ ਕੀਤੀ ਜਾਂਦੀ ਹੈ।ਫ਼

3. ਵਰਤਣ ਲਈ ਆਸਾਨ- **IWB** ਸਾਫ਼ ਹਨ ਅਤੇ ਬਹੁਤ ਘੱਟ ਰੱਖ-ਰਖਾਅਦੀ ਲੋੜ ਹੈ। ਕਿਸੇ ਚਾਕ ਜਾਂ ਮਾਰਕਰ ਜਾਂ ਕਿਸੇ ਲਿਖਣ ਸਮੱਗਰੀ ਦੀ ਲੋੜ ਨਹੀ ਹੈ। ਉੱਚ ਰੋਸ਼ਨੀ, ਡਰਾਇੰਗ ਅਤੇ ਲਿਖਣ ਲਈ ਵਿਸ਼ੇਸ਼ ਪੈੱਨਦੀ ਵਰਤੋ ਕਰਕੇਡੇਟਾਨੂੰ ਸੋਧਿਆਜਾਂਦਾਹੈ।

4. ਕਲਾਸਰੂਮ ਵਿੱਚ ਲਚਕਤਾ-ਵੱਖ-ਵੱਖ ਮੀਡੀਆ ਕਿਸਮਾਂ ਨੂੰ ਇੱਕ **IWB** ਉਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਫੋਟੋਆਂ, ਗ੍ਰਾਫ਼ਠ ਨਕਸ਼ੇ, ਚਿੱਤਰ ਜਾਂ ਵੀਡੀਓ। ਇਸ ਲਈ ਅਧਿਆਪਕ ਇਹਨਾਂ ਵਿਕਲਪਾਂ ਦੀ ਵਰਤੋ ਕਰਕੇ ਆਪਣੇ ਵਿਦਿਆਰਣੀਆਂ ਨੂੰ ਪ੍ਰੇਰਿਤ ਕਰਨ ਲਈ ਰਚਨਾਤਮਕ ਪਾਠ ਬਣਾ ਸਕਦੇ ਹਨ।

5. ਇੰਟਰਨੈਟ ਨਾਲ ਕਨੈਕਟਡ-ਆਈਡਬਲਯੂਬੀ ਇੰਟਰਨੈਓਂਟ ਨਾਲ ਜੁੜੇ ਹੋਏ ਹਨ ਜੋ ਔਨਲਾਈਨਟੂਲ ਅਤੇ ਜਾਣਕਾਰੀ ਦਾ ਸਰੋਤ ਪ੍ਰਦਾਨ ਕਰਦੇ ਹਨ। ਅਧਿਆਪਕ ਵੀਡੀਓ, ਲੇਖ, ਚਿੱਤਰ, ਸਿੱਖਣ ਦੇ ਸਾਧਨਾਂ ਨਾਲ ਆਪਣੇ ਪਾਠਾਂ ਨੂੰ ਵਧਾਉਣ ਅਤੇ ਸਮਰਥਨ ਕਰਨ ਲਈ ਵੱਖ-ਵੱਖ ਸਰੋਤਾਂ ਤੱਕ ਪਹੁੰਚ ਕਰ ਸਕਦੇ ਹਨ। ਇਹ ਖੋਜ ਅਤੇ ਸਿੱਖਣ ਵਾਲੇ ਵਿਦਿਆਰਥੀਆਂ ਲਈ ਇੱਕ ਅਮੀਰ ਸਰੋਤ ਹੈ

6. ਏਕੀਕ੍ਰਿਤ ਤਕਨਾਲੋਜੀ : **IWB** ਵਿਦਿਆਰਥੀਆਂ ਦੀ ਸਿਖਲਾਈ ਨੂੰ ਵਧਾਉਣ ਲਈ ਕਈ ਹੋਰ ਤਕਨਾਲੋਜੀਆਂ ਦੇ ਏਕੀਕਰਣ ਦੀ ਆਗਿਆ ਦਿੰਦਾ ਹੈ। ਕੋਈ ਵੀ ਯੰਤਰ ਜਿਵੇ ਕੰਪਿਊਟਰ ਕੈਮਰੇ, ਵੀਡੀਓ ਕੈਮਰੇ , ਕਾਈਕ੍ਰੋਸਕੋਪ ਨੂੰ ਹਦਾਇਤਾਂ ਲਈਹ ਬੋਰਡਾਂ ਨਾਲ ਜੋੜਿਆ ਜਾ ਸਕਦਾ ਹੈ।

7. ਪ੍ਰਭਾਵਸ਼ੀਲਤਾ - ਵਿਦਿਆਰਥੀਆਂ ਲਈ ਬਿਹਤਰ ਢੰਗ ਨਾਲ ਸਮਝਣ ਲਈ **IWB** ਬਹੁਤ ਪ੍ਰਭਾਵਸ਼ਾਲੀ ਹੈ। ਜਦੋ ਬੱਚੇ ਕਲਾਸਰੂਮ ਦੀਆਂ ਗਤੀਵਿਧੀਆਂ ਵਿੱਚ ਜ਼ਿਆਦਾ ਰੁੱਝੇ ਹੁੰਦੇ ਹਨ, ਤਾਂ ਸਿੱਖਣ ਵਿੱਚ ਵਾਧਾ ਹੁੰਦਾ ਹੈ।

2.4.7 ਸਵੈ-ਮੁਲਾਂਕਣ ਅਭਿਆਸ

**ਪ੍ਰਾਜੈਕਟੀਵ ਪੜ੍ਹਾਉਣ ਸਮੱਗਰੀ ਉਪਰ ਸੰਖੇਪ ਨੋਟ ਲਿਖੋ।**

________________________________________________________________

________________________________________________________________

________________________________________________________________

________________________________________________________________

---

## 2.4.8 ਸਾਰ

ਕੁਦਰਤ ਨੇ ਮਨੁੱਖ ਨੂੰ ਪੰਜ ਗਿਆਨ ਇੰਦਰੀਆਂ, ਗਿਆਨ ਹਾਸਿਲ ਕਰਨ ਲਈ ਬਖਸ਼ੀਆਂ ਹਨ ਜਿਨ੍ਹਾਂ ਰਾਹੀਂ ਉਹ ਵੇਖਕੇ ਸੁਣ ਕੇ, ਸੁੰਘ ਕੇ, ਚੱਖ ਕੇ ਅਤੇ ਟੋਹ ਕੇ ਗਿਆਨ ਪ੍ਰਾਪਤ ਕਰਦਾ ਹੈ। ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਤੋਂ ਭਾਵ ਹੈ ਅਜਿਹੇ ਸਾਧਨ ਜਿਨਾਂ ਨੂੰ ਦੇਖਿਆ ਤੇ ਸੁਣਿਆ ਜਾ ਸਕੇ ਜਿਵੇਂ ਕਿ ਗਲੋਬ ਇਕ ਦੇਖਣ, ਟੇਪ ਰਿਕਾਰਡਰ ਸੁਣਨ ਅਤੇ ਟੈਲੀਵੀਜ਼ਨ ਜਿਸ ਨੂੰ ਵੇਖਿਆ ਤੇ ਸੁਣਿਆ ਵੀ ਜਾ ਸਕਦਾ ਹੈ, ਦ੍ਰਿਸ਼ਟੀ ਜਿਹੜੀ ਪਾਠ-ਸਹਾਇਕ ਸਮੱਗਰੀ ਸਾਧਨ ਹਨ ਸੁਣਨ ਅਤੇ ਦੇਖਣ ਨਾਲ ਸਾਡੀ ਸਮਝਣ ਵਿੱਚ ਸਹਾਇਤਾ ਕਰੇ ਤੇ ਉਹ ਸਿਖਣ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਨਿਪੁੰਨ ਬਣਾਏ ਉਸਨੂੰ ਅਸੀਂ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨ ਕਹਿੰਦੇ ਹਾਂ।

ਦਰਿਸ਼ਟੀ ਸਰੋਤ ਸਹਾਇਕ ਸਾਧਨਾਂ ਦੀ ਮਹੱਤਤਾ ਵਿਦਿਆਰਥੀਆਂ ਨੂੰ ਸਿਖਣ ਲਈ ਪ੍ਰੇਰਿਤ ਕਰਦੇ ਹਨ।

(ੳ) ਗਿਆਨ ਇੰਦਰੀਆਂ ਆਧਾਰਿਤ ਅਨੁਭਵ ਅਤੇ ਸਿੱਖਣ ਪ੍ਰਕਿਰਿਆ ਲਈ
(ਅ) ਕਲਪਨਾ ਅਤੇ ਵਿਚਾਰ ਦੀ ਸ਼ਕਤੀ ਤੇ ਵਿਕਾਸ ਵਿੱਚ ਮਹੱਤਤਾ
(ੲ) ਪ੍ਰਾਇਮਰੀ ਪੱਧਰ ਤੇ ਬੁਨਿਆਦੀ ਸਾਧਨ ਹਨ
(ਸ) ਪ੍ਰਤੱਖ ਅਨੁਭਵ ਦੇ ਬਦਲ ਹਨ
(ਹ) ਪ੍ਰਤੱਖ ਅਨੁਭਵ ਦੇ ਪੂਰਕ ਰੂਪ ਵਿਚ
(ਕ) ਅਧਿਆਪਨ ਸੂਤਰਾਂ ਦੇ ਅਨੁਕੂਲ ਹਨ
(ਖ) ਸਿਖਣ ਵਿੱਚ ਵੰਨਸੁਵੰਨਤਾ ਲਿਆਉਣ ਵਿਚ ਸਹਾਇਕ
(ਗ) ਬੱਚਿਆਂ ਨੂੰ ਕਾਰਜਸ਼ੀਲ ਬਣਾਉਣ ਲਈ
(ਘ) ਪੱਛੇ ਹੋਏ ਵਿਦਿਆਰਥੀਆਂ ਲਈ ਸਹਾਇਕ

ਸਮਾਜਿਕ ਅਧਿਐਨ ਦੇ ਅਧਿਆਪਨ ਵਿਚ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਬਹੁਤ ਲੋੜ ਹੈ ਅਤੇ ਇਹਨਾਂ ਦੀ ਉਚਿਤ ਵਰਤੋਂ ਨਾਲ ਇਸ ਵਿਸ਼ੇ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਨੂੰ ਆਮ ਤੌਰ ਤੇ ਚਾਰ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ ਜੋ ਇਸ ਤਰ੍ਹਾਂ ਹਨ :

(ੳ) ਛਪੀ ਹੋਈ ਸਹਾਇਕ ਸਮੱਗਰੀ (Printed Aids)
(ਅ) ਵੇਖਣ ਸਹਾਇਕ ਸਮੱਗਰੀ (Visual Aids)
(ੲ) ਸੁਣਨ ਸਹਾਇਕ ਸਮੱਗਰੀ (Audio Aids)
(ਸ) ਦੇਖਣ-ਸੁਣਨ ਸਹਾਇਕ ਸਮੱਗਰੀ (Audio-Visual-Aids)

ਸਮਾਜਿਕ ਅਧਿਐਨ ਦੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹੇਠ ਲਿਖੇ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ :

ਚਾਕ-ਬੋਰਡ, ਬੁਲੇਟਿਨ ਬੋਰਡ, ਫਲੈਨਲ ਬੋਰਡ ਅਤੇ ਮੈਗਨੈਟਿਕ ਬੋਰਡ, ਚਾਕ, ਝਾੜਨ ਸੰਕੇਤਕ ਆਦਿਕ।

ਚਾਰਟ : ਵੰਸ਼ ਕ੍ਰਮ ਚਾਰਟ, ਵਹਿਣ ਚਾਰਟ, ਅਤੇ ਘਟਨਾ ਚਾਰਟ।

ਗ੍ਰਾਫ਼ : ਰੇਖਾ ਗ੍ਰਾਫ਼, ਪੱਟੀ ਗ੍ਰਾਫ਼, ਚੱਕਰ ਗ੍ਰਾਫ਼, ਚਿੱਤਰ ਗ੍ਰਾਫ਼ ਅਤੇ ਫਲੈਨਲ ਗ੍ਰਾਫ਼

ਰੇਖਾ ਚਿੱਤਰ, ਤਸਵੀਰਾਂ, ਮਾਡਲ, ਗਲੋਬ, ਐਟਲਸ ਅਤੇ ਨਕਸ਼ੇ, ਓਵਰਹੈੱਡ ਪ੍ਰਾਜੈਕਟਰ, ਸਲਾਈਡ ਪ੍ਰਾਜੈਕਟਰ, ਫਿਲਮਾਂ, ਫਿਲਮ ਸਕਰਿਪਟ

2.4.*9* ***ਮੁੱਖ ਨੁਕਤੇ :-***

***1. ਆਡੀਓ ਅਤੇ ਦਿਸ਼ਟੀ ਸਾਧਨਾ ਦੇ ਅਰਥ ਅਤੇ ਪਰਿਭਾਸ਼ਾਵਾਂ***

***2. ਪ੍ਰਾਜੈਕਟਿਵ ਤਕਨੀਕਾਂ*** ,ਗੈਰ-ਪ੍ਰਾਜੈਕਟਿਵ ਤਕਨੀਕਾਂ।

2.4.10 ਅਭਿਆਸ ਪ੍ਰਸ਼ਨ

1. ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ। ਸਮਾਜਿਕ ਅਧਿਐਨ ਦੇ ਅਧਿਆਪਨ ਵਿੱਚ ਕਿਹੜੇ ਕਿਹੜੇ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ?
2. ਸਮਾਜਿਕ ਅਧਿਐਨ ਦੇ ਅਧਿਆਪਨ ਵਿਚ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਕੀ ਮਹੱਤਤਾ ਹੈ ? ਉਦਾਹਰਨ ਸਹਿਤ ਲਿਖੋ।
3. ਨਾਨ-ਪ੍ਰਾਜੈਕਟਿਵ ਪੜ੍ਹਾਉਣ ਸਹਾਇਕ ਕਿਹੜੀ ਕਿਹੜੀ ਹੈ ? ਇਹਨਾਂ ਨੂੰ ਵਿਸਥਾਰ ਵਿਚ ਲਿਖੋ।
4. ਕੀ ਸਾਡੇ ਦੇਸ਼ ਵਿਚ ਦੇ ਸਕੂਲ ਵਿਚ ਦ੍ਰਿਸ਼ਟੀ-ਸਰੋਤ ਸਹਾਇਕ ਸਾਧਨਾਂ ਦੀ ਉਚਿੱਤ ਵਰਤੋਂ ਹੋ ਰਹੀ ਹੈ ? ਇਹਨਾਂ ਦੀ ਉਚਿਤ ਵਰਤੋਂ ਕਰਨ ਲਈ ਆਪਣੇ ਸੁਝਾਉ ਦਿਉ।
5. ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ।
   (ੳ) ਪ੍ਰਾਜੈਕਟਿਵ ਪੜ੍ਹਾਉਣ ਸਹਾਇਕ ਸਮੱਗਰੀ
   (ਅ) ਚਾਕ-ਬੋਰਡ ਦੀਆਂ ਕਿਸਮਾਂ
   (ੲ) ਨਕਸ਼ਿਆਂ ਦੀਆਂ ਕਿਸਮਾਂ
   (ਸ) ਚਾਰਟ

2.4.11 ਸੁਝਾਈਆਂ ਪੁਸਤਕਾਂ ਅਤੇ ਵੈਬ ਸਰੋਤ


1. Aggarwal, J.C., Teaching of Social Studies A Practical approach, Vikas Publishing House Pvt. Ltd., New Delhi, 1997.
2. Binning, A.C. and Binning D.H. Teaching of Social Studies in Secondary Schools.
3. Manjeet Kaur and Gurmeet Singh (2004) : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗੇਜ਼ੀ)।
4. Shaida, B.D. Shaida A.K. Teaching of Social Studies, Arya Book Depot. New Delhi.
5. Sethi, G. Singh. Teaching of Social studies, Publication Bureau, Punjabi University Patiala.
6. Sandhu, P.K. Teaching of Social Studies, 21st Century Publications, Patiala.
7. Sodhi, T.S. Teaching of Social Studies, Bawa Publication, Urban Estate Patiala.
8. Manjeet Kaur, A.K. Kansal, Chanchal Kumar (2010), Teaching of Social Studies.

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.